# ਭਦਰਜਨਪਦ (ਜੰਮੂ) ਵਿੱਚ ਜੈਨ ਧਰਮ

ਇਸ ਸੰਬੰਧੀ ਸੂਚਨਾ ਕੁਬਲਯਮਾਲਾ ਦੇ ਗ੍ਰੰਥਕਾਰ ਅਚਾਰਿਆ ਸ਼੍ਰੀ ਉਦਯੋਤਨ ਸੂਰੀ ਨੇ ਦਿੱਤੀ ਹੈ। ਆਪਜੀ ਦਾ ਸਮਾਂ ਵਿਕਰਮ ਦੀ 9ਵੀਂ ਸਦੀ ਹੈ। ਆਪਨੇ ਆਪਣੇ ਗ੍ਰੰਥ ਦੇ ਅੰਤ ਵਿਚ ਇਸ ਪ੍ਰਕਾਰ ਲਿਖਿਆ ਹੈ।

"ਉਤਰਾਪਥ ਵਿੱਚ ਚੰਦਰਭਾਗਾ (ਝਨਾਵ) ਨਦੀ ਵਹਿੰਦੀ ਹੈ। ਇਥੇ ਤੋਰਮਾਣ ਰਾਜਾ ਰਾਜ ਕਰਦਾ ਸੀ। ਇਸਦੀ ਪਵਈਆ (ਜੰਮੂ) ਰਾਜਧਾਨੀ ਸੀ। ਉਸਦੇ ਰਾਜ ਗੁਰੂ ਹਰੀਗੁਪਤ ਅਚਾਰਿਆ ਸਨ। ਆਪਦਾ ਸਮਾਂ ਵਿਕਰਮ ਦੀ 6ਵੀਂ ਸਦੀ ਹੈ। ਉਨ੍ਹਾਂ ਦੇ ਚੇਲੇ ਦੇਵਗੁਪਤ ਅਤੇ ਸ਼੍ਰੀ ਦੇਵਗੁਪਤ ਨੇ ਜੈਨ ਤੀਰਥ ਯਾਤਰਾ ਸੰਪੂਰਨ ਕਰਕੇ ਰਾਜਸਥਾਨ ਵਿਚ ਠਹਿਰੇ। ਉਨ੍ਹਾਂ ਦੇ ਚੇਲੇ ਯਕਸ਼ਦਤ ਗ਼ਣਿ ਹੋਏ। ਜਿਨ੍ਹਾਂ ਗੁਜਰਾਤ ਦੇਸ਼ ਨੂੰ ਮੰਦਰਾਂ ਨਾਲ ਭਰਪੂਰ ਬਣਾਇਆ। ਉਨ੍ਹਾਂ ਦੇ ਛੇ ਚੇਲੇ ਸਨ। ਇਕ ਚੇਲੇ ਨੇ, ਅਮਰਕੋਟ (ਸਿੰਧ) ਵਿਖੇ ਇੱਕ ਜੈਨ ਮੰਦਰ ਦੀ ਸਥਾਪਨਾ ਆਪਣੀ ਅਧਿਆਤਮਕ ਸ਼ਕਤੀ ਰਾਹੀਂ ਕੀਤੀ।

ਇਥੇ ਹੀ ਅਚਾਰਿਆ ਵੀਰ ਭਦਰ ਅਤੇ ਹਰੀ ਭੱਦਰ ਹੋਏ। ਜੋ ਅਚਾਰਿਆ ਉਦੋਯਤਨ ਸੂਰੀ ਦੇ ਵਿਦਿਆ ਗੁਰੂ ਸਨ।"

ਤੋਰਮਾਨ ਹੂਣ ਜਾਤੀ ਦਾ ਵਿਦੇਸ਼ੀ ਰਾਜਾ ਸੀ। ਜਿਸਨੇ ਭਾਰਤ ਦੀ ਮਾਲਵਾ ਭੂਮੀ ਨੂੰ ਜਿਤ ਕੇ ਜੰਮੂ ਨੂੰ ਰਾਜਧਾਨੀ ਬਨਾਇਆ। ਇਸ ਦੇ ਰਾਜ ਦੇ ਵਿਸਥਾਰ ਬਲੋਚਿਸਥਾਨ, ਪੰਜਾਬ, ਉਤਰਪ੍ਰਦੇਸ਼ ਦਾ (ਮਥਰਾ) ਮੱਧਭਾਰਤ ਦਾ ਗਵਾਲੀਅਰ ਪ੍ਰਦੇਸ਼ ਤਕ ਸੀ। ਇਸ ਦਾ ਗੁਰੂ ਗੁਪਤ ਵੰਸ਼ੀ ਅਚਾਰਿਆ ਹਰੀਗੁਪਤ ਸੀ। ਇਸਨੇ ਆਪਣੀ ਰਾਜਧਾਨੀ ਵਿੱਚ ਭਗਵਾਨ ਰਿਸ਼ਵਦੇਵ ਦਾ ਇੱਕ ਮੰਦਰ ਬਨਵਾਇਆ।

ਇਸਦੇ ਪੁਤਰ ਮਿਹਰ ਕੁਲ ਨੇ ਸੰਬਤ 566 ਵਿੱਚ ਸਿਆਲਕੋਟ ਨੂੰ ਨਵੀਂ ਰਾਜਧਾਨੀ ਬਨਾਇਆ।

ਸਰ ਕਨਿੰਘਮ ਨੇ ਪਵਇਆ ਦੀ ਪਛਾਨ ਝੰਗ ਜਾਂ ਸ਼ਾਹਕੋਟ ਨਾਲ ਕੀਤੀ ਹੈ ਡਾ. ਸਮਿਥ ਅਤੇ ਪੰਡਤ ਹੀਰਾ ਲਾਲ ਦੁਗੜ ਨੇ ਜੰਮੂ ਨੂੰ ਸਹੀ ਮਨਿਆ ਹੈ। ਡਾ. ਫਲੀਟ ਹੜੱਪਾ

---

**ਅਰਥ**—ਇਸ ਨਿਰ ਅਭਿਆਨੀ ਰਾਜੇ ਨੇ ਬੜੇ-ਬੜੇ 4 ਮੰਜਲੇ ਮਕਾਨ, ਵਿਸ਼ਾਲ ਚੇਤਯ (ਜੈਨ ਮੰਦਰਾਂ ਅਤੇ ਵਿਸ਼ਾਲ ਜੈਨ ਮੂਰਤੀਆਂ ਦਾ ਨਿਰਮਾਨ ਕਰਵਾਇਆ) ਇਸ ਮੰਦਰ ਦੇ ਨਿਰਮਾਨ ਵਿਚ ਉਸਨੇ 84000 ਤੋਲੇ ਸੋਨੇ ਦੀ ਵਰਤੋਂ ਕੀਤੀ। ਇਸ ਰਾਜੇ ਨੇ ਅੰਵਤੀਪੁਰੇ ਦਾ ਸੂਰਜ ਮੰਦਰ, ਵਿਸ਼ਨੂੰ ਮੰਦਰਾਂ ਦੇ ਨਿਰਮਾਣ ਵਿਚ ਵੀ ਹਿੰਦੂ ਧਰਮੀਆਂ ਦੀ ਮਦਦ ਕੀਤੀ। ਇਸੇ ਰਾਜੇ ਦੇ ਰਾਜ ਸਮੇਂ ਚੜਕੁਣ ਮੰਤਰੀ ਨੇ ਇਕ ਜੈਨ ਸਤੂਪ ਦਾ ਨਿਰਮਾਨ ਕਰਵਾਇਆ। ਇਸਤੋਂ ਛੁਟ ਰਾਜਕੋ ਵੀ ਜੈਨ ਧਰਮ ਦਾ ਕਟੜ ਉਪਾਸਕ ਸੀ।

ਨੂੰ ਹੀ ਪਵਜਿਆ ਮੰਨਦੇ ਹਨ ਇਸ ਦਾ ਪੁੱਤਰ ਮਿਹਰ ਕੁਲ ਬੜਾ ਜਾਲਮ ਸੀ। ਇਸ ਸਿੱਟੇ ਵਜੋਂ ਜੈਨੀ ਰਾਜਸਥਾਨ ਵਿੱਚ ਆਉਣ ਲਈ ਮਜਬੂਰ ਹੋ ਗਏ।

ਪਵਜਿਆ ਨੂੰ ਉਸ ਸਮੇਂ ਤੋਰਮਣੀ ਵੀ ਆਖਦੇ ਸਨ।

ਅਚਾਰਿਆ ਹਰੀ ਗੁਪਤ ਸੂਰੀ ਵੀ ਅਹਿਛੱਤਰਾ ਨਗਰੀ ਦੇ ਰਾਜਾ ਸਨ। ਜਿਨ੍ਹਾਂ ਰਾਜਪਾਟ ਛੱਡ ਕੇ ਸਾਧੂ ਧਰਮ ਗ੍ਰਹਿਣ ਕੀਤਾ ਸੀ। ਉਨ੍ਹਾਂ ਦੇ ਪ੍ਰਚਾਰ ਦਾ ਖੇਤਰ ਪੰਜਾਬ, ਜੰਮੂ ਕਸ਼ਮੀਰ, ਗੰਧਾਰ ਰਿਹਾ।

# ਜੈਨ ਧਰਮ ਤੇ ਪੰਜਾਬ

ਜਿਵੇਂ ਅਸੀਂ ਪਿਛਲੇ ਅਧਿਐਨਾਂ ਵਿਚ ਜੈਨ ਧਰਮ ਦੀ ਹੋਂਦ ਦਾ ਜਿਕਰ ਹਿੰਦੂ ਅਤੇ ਬੁੱਧ ਗ੍ਰੰਥਾਂ ਸਹਾਰੇ ਕੀਤਾ ਹੈ। ਹੁਣ ਅਸੀਂ ਕੁਝ ਜੈਨ ਹਵਾਲਿਆਂ ਦਾ ਜਿਕਰ ਕਰਨਾ ਵੀ ਜਰੂਰੀ ਸਮਝਦੇ ਹਾਂ।

ਜੈਨ ਧਰਮ ਵਿੱਚ 45 ਸ਼ਾਸਤਰ ਮੰਨੇ ਗਏ ਹਨ। ਇਨ੍ਹਾਂ ਵਿਚੋਂ 11 ਅੰਗਾਂ ਪ੍ਰਮੁਖ ਹਨ। ਇਨ੍ਹਾਂ ਅੰਗਾਂ ਵਿਚੋਂ ਭਗਵਤੀ ਸੂਤਰ ਅਤੇ ਵਿਪਾਕ ਸੂਤਰ ਦੇ ਹਵਾਲੇ ਮਹਾਵੀਰ ਦੇ ਜੈਨ ਧਰਮ ਸੰਬੰਧੀ ਕੀਤੇ ਕੰਮਾਂ ਤੇ ਚਾਨਣਾ ਪਾਉਂਦੇ ਹਨ। ਅਸੀਂ ਪਿਛੇ ਕੁਝ ਜੈਨ ਰਾਜਿਆਂ ਦਾ ਜਿਕਰ ਵੀ ਕੀਤਾ ਹੈ। ਜਿਨ੍ਹਾਂ ਜੈਨ ਧਰਮ ਦਾ ਪ੍ਰਚਾਰ ਪੰਜਾਬ, ਕਸ਼ਮੀਰ, ਸਿੰਧ, ਸੋਵਿਰ ਅਤੇ ਮੱਧ ਏਸ਼ੀਆ ਤਕ ਕੀਤਾ।

ਪੁਰਾਤਨ ਜੈਨ ਗ੍ਰੰਥ ਪ੍ਰਸ਼ਨ ਵਿਆਕਰਣ ਸੂਤਰ ਵਿਚ ਅਨਾਰਜ ਦੇਸ਼ਾਂ ਦਾ ਜਿਕਰ ਹੈ। ਜਿਥੇ ਦੇ ਲੋਕ ਹਿੰਸਕ ਸੁਭਾਅ ਦੇ ਮਾਲਕ ਹਨ। ਇਨ੍ਹਾਂ ਦੇਸ਼ਾਂ ਵਿਚ ਜਿਥੇ ਦਖਣ ਭਾਰਤ ਮਧ ਪ੍ਰਦੇਸ਼ ਦੇ ਕਾਫੀ ਹਿਸਿਆਂ ਦੇ ਪੁਰਾਤਨ ਨਾਂ ਹਨ। ਇਥੇ ਮਾਲਵਾ, ਕੇਕਯ ਆਦਿ ਦੇ ਦੇਸ਼ਾਂ ਦੇ ਨਾਂ ਕਾਫੀ ਵਿਚਾਰ ਯੋਗ ਹਨ। ਜੈਨ ਗ੍ਰੰਥਾਂ ਵਿਚ 25½ ਚੰਗੇ (ਆਰਿਆ) ਦੇਸ਼ ਭਰਤ ਖੰਡ ਵਿੱਚ ਮੰਨੇ ਗਏ ਹਨ। ਜਿੱ ਸਾਧੂਆਂ ਦਾ ਸੰਜਮ ਠੀਕ ਢੰਗ ਨਾਲ ਪਲ ਸਕਦਾ ਹੈ। ਕੇਕਯ ਦੇਸ਼ ਦੇ ਦੋ ਹਿਸੇ ਸਨ। ਇੱਕ ਹਿਸਾ ਅਫਗਾਨਿਸਤਾਨ ਤੋਂ ਪਰੇ ਤੱਕ ਜਾਂਦਾ ਹੈ। ਇਕ ਹਿਸਾ ਜੇਲਹਮ ਦਰਿਆ ਤੋਂ ਸਿਆਲਕੋਟ ਦਾ ਹਿਸਾ ਹੈ। ਜੈਨੀ ਸਾਧੂਆਂ ਦੇ ਝਨਾਵ, ਜੇਹਲਮ, ਸਿੰਧ, ਰਾਵੀ, ਵਿਆਸ, ਸਤਲੁਜ, ਸਰਸਵਤੀ, ਗੰਗਾ, ਗੋਦਾਵਰੀ ਅਤੇ ਜਮਨਾ ਦੇ ਕਿਨਾਰੇ ਵਸੇ ਦੇਸ਼ਾਂ ਵਿਚ ਧਰਮ ਪ੍ਰਚਾਰ ਵਰਨਣ ਵੀ ਮਿਲਦਾ ਹੈ। ਜੈਨ ਸ਼ਾਸਤਰਾਂ ਵਿਚ ਗੰਧਾਰ ਦੇਸ਼ ਦਾ ਵਰਨਣ ਵੀ ਮਿਲਦਾ ਹੈ।

ਇਸ ਪ੍ਰਸ਼ਨ ਵਿਆਕਰਨ ਸੂਤਰ ਵਿੱਚ ਦਖਣੀ ਅਫਰੀਕਾ, ਈਰਾਨ, ਚੀਨ, ਤਿਬਤ (ਲਹਾਸਾ) ਰੂਸ (ਅਰੂਸ) ਦਾ ਉਪਰਲਾ ਹਿੱਸਾ, ਅਰਬ ਦੇਸ਼, ਯੂਨਾਨ, ਰੋਮ (ਇਟਲੀ) ਹੂਣ ਦੇਸ਼ ਨੂੰ ਹਿੰਸਕ ਦੇਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਹੈ ਪਰ ਜੈਨ

ਸ਼ਾਸਤਰ ਅਨੁਸਾਰ ਆਰਿਆ ਦੇਸ਼ਾਂ ਦੀਆਂ ਹੱਦਾਂ, ਅਨਾਰਿਆ ਦੇਸ਼ ਵਿੱਚ ਅਤੇ ਅਨਾਰਿਆ ਦੇਸ਼ਾਂ ਦੀਆਂ ਹੱਦਾਂ ਆਰਿਆ ਦੇਸ਼ ਵਿਚ ਬਦਲਦੀਆਂ ਰਹਿੰਦੀਆਂ ਹਨ। ਸੋ ਇਹੋ ਕਾਰਣ ਹੈ ਕਿ ਮਹਾਰਾਸ਼ਟਰ ਵਰਗੇ ਦਖਣੀ ਭਾਰਤ ਦੇ ਹਿਸਿਆਂ ਨੂੰ ਇਥੇ ਅਨਾਰਿਆ ਦੇਸ਼ ਆਖਿਆ ਗਿਆ ਹੈ।

ਚੰਦਰਗੁਪਤ ਮੌਰਿਆ ਦੇ ਗੁਰੂ ਭਦਰਵਾਹੂ ਸਵਾਮੀ ਜੀ ਨੇ ਅਪਣੀ ਮਿਹਨਤ ਨਾਲ ਸਾਰੇ ਦਖਣੀ ਭਾਰਤ ਅਤੇ ਉੱਤਰ ਵਿੱਚ ਨੇਪਾਲ ਦੇਸ਼ ਨੂੰ ਆਰੀਆ ਦੇਸ਼ ਬਣਾ ਦਿੱਤਾ। ਦੱਖਣ ਭਾਰਤ ਵਿੱਚ 12-13 ਸਦੀ ਤੱਕ ਜੈਨ ਧਰਮ ਨੂੰ ਰਾਜ ਧਰਮ ਦਾ ਦਰਜਾ ਮਿਲਦਾ ਰਿਹਾ। ਇਥੇ ਕਈ ਜੈਨ ਕਲਾ ਦੇ ਕੇਂਦਰ ਬਣੇ। ਸ਼ੰਕਰਾ ਅਚਾਰਿਆ ਅਤੇ ਕੁਮਾਰਿਲ ਭੱਟ ਆਦਿ ਸ਼ੈਵਧਰਮੀਆਂ ਦੇ ਜੈਨ ਧਰਮ ਨੂੰ ਕਾਫ਼ੀ ਨੁਕਸਾਨ ਪਹੁੰਚਾਣ ਦੇ ਬਾਵਜੂਦ ਜੈਨ ਧਰਮ ਦੇ ਵਿਕਾਸ ਵਿਚ ਕੋਈ ਕਮੀ ਨਹੀਂ ਆਈ। ਜੈਨ ਧਰਮ ਅਤੇ ਸ਼ਿਵ ਧਰਮ ਨੂੰ ਮੰਨਣ ਵਾਲਿਆਂ ਦੇ ਸੰਘਰਸ਼ ਚਲਦੇ ਰਹੇ। ਦੱਖਣ ਦੇ ਦਰਾਵਿੜਾਂ ਨੇ ਚੰਦਰਗੁਪਤ ਮੌਰਿਆ ਸਮੇਂ ਜੈਨ ਧਰਮ ਨੂੰ ਅਪਣਾ ਲਿਆ। ਮੁਗਲ ਕਾਲ ਦੀ 1000 ਸਾਲ ਹਨੇਰੀ ਵੀ ਇਥੇ, ਜੈਨ ਧਰਮ ਦਾ ਕੁੱਝ ਨਾ ਵਿਗਾੜ ਸਕੀ।

## ਪੰਜਾਬ ਵਿੱਚ ਜੈਨ ਧਰਮ

ਜੈਨ ਸ਼ਾਸਤਰਾਂ ਅਨੁਸਾਰ ਭਗਵਾਨ ਰਿਸ਼ਵਦੇਵ ਤੋਂ ਲੈਕੇ ਭਗਵਾਨ ਮਹਾਵੀਰ ਤਕ ਪੰਜਾਬ ਵਿੱਚ ਧਰਮ ਪ੍ਰਚਾਰ ਕਰਨ ਵਾਲੇ ਤੀਰਥੰਕਰਾਂ ਅਤੇ ਰਾਜਿਆਂ ਦਾ ਜਿਕਰ ਅਸੀਂ ਪਿੱਛੇ ਕਰ ਆਏ ਹਾਂ।

ਹੁਣ ਅਸੀਂ 45 ਆਗਮਾਂ ਤੋਂ ਹਟਕੇ ਜੈਨ ਅਚਾਰਿਆਂ ਰਾਹੀਂ ਰਚੇ ਗ੍ਰੰਥਾਂ, ਪਟਾਵਲੀਆਂ ਦੇ ਅਧਾਰ ਤੇ ਪੰਜਾਬ ਵਿਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਪੁਰਾਤਨ ਅਚਾਰਿਆਂ, ਮੁਨੀਆਂ, ਉਪਾਸਕਾਂ ਅਤੇ ਸਾਹਿਤਕਾਰਾਂ ਦਾ ਸੰਖੇਪ ਵਰਨਣ ਕਰਾਂਗੇ। ਅਸੀਂ ਆਪਣੀ ਸਾਰੀ ਚਰਚਾ ਨੂੰ 4 ਹਿਸਿਆਂ ਵਿਚ ਵੰਡਕੇ ਪਾਠਕਾਂ ਦੀ ਜਾਨਕਾਰੀ ਨੂੰ ਹੋਰ ਵਧਾਉਣਾ ਚਾਹੁੰਦੇ ਹਾਂ। ਇਹ ਚਾਰ ਹਿੱਸੇ ਹਨ।

1. ਤੀਰਥੰਕਰ ਯੁਗ।
2. ਭਗਵਾਨ ਮਹਾਵੀਰ ਤੋਂ ਲੈਕੇ ਕੁਮਾਰਪਾਲ ਦਾ ਸਮਾਂ।
   (ਵਰਨਣ ਕੀਤਾ ਜਾ ਚੁੱਕਾ ਹੈ)
3. ਮੁਗਲਕਾਲ ਵਿਚ ਜੈਨ ਧਰਮ ਦੀ ਸਥਿਤੀ।
4. ਮਹਾਰਾਜਾ ਰਣਜੀਤ ਸਿੰਘ ਤੋਂ ਲੈਕੇ ਅੱਜ ਤੱਕ ਦਾ ਜੈਨ ਸਮਾਜ।

## ਭਗਵਾਨ ਮਹਾਵੀਰ ਤੋਂ ਬਾਅਦ ਦਾ ਜੈਨ ਧਰਮ

ਭਗਵਾਨ ਮਹਾਵੀਰ ਦੇ ਬਾਅਦ ਜੈਨ ਧਰਮ ਦੀ ਪੰਜਾਬ ਵਿੱਚ ਸਥਿਤੀ ਬਾਰੇ ਅਸੀਂ

ਵੇਦ, ਪੁਰਾਣ, ਬੁੱਧ ਗ੍ਰੰਥਾਂ ਦੇ ਅਧਾਰ ਤੇ ਪਹਿਲਾਂ ਚਰਚਾ ਕਰ ਆਏ ਹਾਂ। ਜੈਨ ਆਗਮਾਂ ਵਿਚ ਵੀ ਭਗਵਾਨ ਮਹਾਵੀਰ ਦੇ ਪੰਜਾਬ ਆਉਣ ਦੀ ਚਰਚਾ ਵੀ ਅਸੀਂ ਕੀਤੀ ਹੈ।

ਭਗਵਾਨ ਮਹਾਵੀਰ ਤੋਂ ਬਾਅਦ ਜੈਨ ਧਰਮ ਕਈ ਪੂਰਬ ਪੰਜਾਬ ਵਿੱਚ ਬਹੁਤ ਫੈਲਿਆ। ਇਸਦੀ ਗਵਾਹੀ ਪੁਰਾਤਨ ਪਟਾਵਲੀਆਂ (ਕੁਰਸੀਨਾਮੇਂ) ਸ਼ਿਲਾਲੇਖ ਮੂਰਤੀਆਂ ਗ੍ਰੰਥ ਦਿੰਦੇ ਹਨ। ਮਥੁਰਾ ਟੀਲੇ ਵਿਚੋਂ ਮਿਲੀਆਂ ਜੈਨ ਮੂਰਤੀਆਂ ਵਿਚ ਕਈ ਜੈਨ ਮੁਨੀਆਂ ਦੀ ਸ਼ਾਖਾਵਾਂ ਦੇ ਨਾਂ ਆਏ ਹਨ। ਉਨ੍ਹਾਂ ਵਿਚ ਦੋ ਮਸ਼ਹੂਰ ਸ਼ਾਖਾਵਾਂ ਹਨ। (1) ਪ੍ਰਸ਼ਨਵਾਹਕ (ਪੇਸ਼ਾਵਰੀ) ਕੁਲ। (2) ਉਚਾ ਨਾਗਰ ਕੁਲ।

ਪੇਸ਼ਾਵਰ ਸ਼ਹਿਰ ਗੰਧਾਰ ਦੇਸ਼ ਦੀ ਰਾਜਧਾਨੀ ਦੇ ਸਮਾਨ ਨਗਰ ਰਿਹਾ ਹੈ। ਇਹ ਜੈਨ ਧਰਮ ਦਾ ਪ੍ਰਮੁੱਖ ਕੇਂਦਰ ਸੀ। ਸ਼ਵੇਤਾਂਬਰ ਜੈਨੀਆਂ ਦੇ 84 ਗੱਛਾ (ਸ਼ਾਖਾਵਾਂ) ਵਿਚੋਂ ਗੰਧਾਰੀ ਗੱਛ ਦਾ ਅਪਣਾ ਮਹੱਤਵ ਪੂਰਣ ਸਥਾਨ ਹੈ। ਇਹ ਗੱਛ ਵਿਕਰਮ ਦੀ 14ਵੀਂ ਸਦੀ ਤਕ ਇਥੇ ਧਰਮ ਪ੍ਰਚਾਰ ਕਰਦਾ ਰਿਹਾ। ਅਚਾਰਿਆ ਸੁਹਸਤੀ ਦੇ ਕੁਲ ਵਿਚੋਂ ਹੀ ਉਪਰੋਕਤ ਪੇਸ਼ਾਵਰੀ ਸ਼ਾਖਾ ਅਤੇ ਉਚਾ ਨਾਗਰ ਕੁਲ ਹੈ। ਸ਼ਤਰੂੰਜੈ ਤੀਰਥ ਬਿਕਰਮ ਦੀ 16-17 ਸ਼ਤਾਬਦੀ ਦੇ ਅਨੇਕਾਂ ਸ਼ਿਲਾਲੇਖ ਮਿਲਦੇ ਹਨ।[1] ਕਲਪ ਸੂਤਰ ਜਿਸਦੀ ਰਚਨਾ ਦਾ ਸਮਾਂ ਭਗਵਾਨ ਮਹਾਵੀਰ ਤੋਂ 500 ਸਾਲ ਵਾਅਦ ਹੈ ਉਸ ਵਿਚ ਦਰਜ ਹੈ ਕਿ ਆਰਿਆ ਸ਼ਾਂਤੀ ਸ੍ਰੇਂਵਿਕ ਨੇ ਉੱਚ ਨਾਗਰ ਨਾਂ ਦੇ ਕੁਲ ਦੀ ਸਥਾਪਨਾ ਕੀਤੀ। ਇਨ੍ਹਾਂ ਸ਼ਾਖਾਵਾਂ ਦਾ ਸਮਾਂ ਵਿਕਰਮ ਦੀ ਤੀਸਰੀ ਸ਼ਤਾਵਦੀ ਤੋਂ ਪਹਿਲਾਂ ਹੈ। ਇਸ ਸਮੇਂ ਪ੍ਰਸਿਧ ਜੈਨ ਰਾਜਾ ਸੰਮਪਰਤਿ ਦਾ ਰਾਜ ਸੀ, ਜਿਸਨੇ ਅਸ਼ੋਕ ਦੀ ਤਰ੍ਹਾਂ ਜੈਨ ਸਾਧੂਆਂ ਦੇ ਭੇਸ਼ ਵਿੱਚ ਅਨੇਕਾਂ ਪ੍ਰਚਾਰਕ ਜੈਨ ਧਰਮ ਦੇ ਪ੍ਰਚਾਰ ਲਈ ਵਿਦੇਸ਼ਾਂ ਵਿੱਚ ਭੇਜੇ। ਇਹ ਦੋ ਗੁਰੂ ਆਰਿਆ ਸੁਹਸਤੀ ਭਗਵਾਨ ਮਹਾਵੀਰ ਤੋਂ ਵਾਅਦ 8ਵੇਂ ਸਥਾਨ ਤੇ ਗੱਦੀ ਉਪਰ ਬੈਠੇ ਸਨ।

ਉਚ ਨਾਗਰ ਕੁਲ ਉੱਚਾ ਨਗਰ ਨਾਂ ਕਾਰਨ ਮਸ਼ਹੂਰ ਹੈ ਪ੍ਰਸਿਧ ਚੀਨੀ ਇਤਹਾਸ-ਕਾਰ ਫਾਈਆਨ ਅਤੇ ਜੈਨ ਇਤਿਹਾਸਕਾਰ ਮੁਨੀ ਕਲਿਆਨ ਵਿਚੋਂ ਅਨੁਸਾਰ ਇਹ ਨਗਰ ਤਕਸ਼ਿਲਾ ਦੇ ਕਰੀਬ ਸੀ।

ਇਸ ਉੱਚੇ ਨਗਰ ਦਾ ਵਰਨਣ 12-13 ਸ਼ਤਾਵਦੀ ਵਿੱਚ ਹੋਣ ਵਾਲੇ **ਵਿਵਿਧ ਤੀਰਥ ਕਲਪ ਗ੍ਰੰਥ** ਦੇ ਰਚਿਅਤਾ **ਕਲਿਕਾਲ ਸ਼ੱਰਵਗ ਚਮਤਕਾਰੀ** ਅਚਾਰੀਆ

---

[1] ਵੇਖੋ ਸ਼ਤਰੂੰਜੈ (ਪਾਲੀਤਾਨਾ) ਗੁਜਰਾਤ ਸ਼ਿਲਾਲੇਖ ਨੰ: 306, 584, 574, 567, 568, 576, 133, 41, 2, 3, 6 ਦੇਹਰੀ ਨੰ: 280, 54, 79, 69, 72, 79, 42, 360, 51, 156, 445।

ਸ੍ਰੀ ਜਿਨਪ੍ਰਭਤ ਸੂਰੀ ਨੇ ਬਹੁਤ ਸੁਚੱਜੇ ਢੰਗ ਨਾਲ ਕੀਤਾ ਹੈ। ਉਨ੍ਹਾਂ ਇਸ ਨਗਰ ਨੂੰ ਜੈਨ ਧਰਮ ਦਾ ਤੀਰਥ ਅਸਥਾਨ ਮੰਨਿਆ ਹੈ।

ਵਿਕਰਮ 1280 ਵਿੱਚ ਅਚਾਰਿਆ ਜਿਨ ਚੰਦਰ ਸੂਰੀ ਨੇ ਇਥੇ ਅਨੇਕਾਂ ਲੋਕਾਂ ਨੂੰ ਜੈਨ ਧਰਮ ਵਿੱਚ ਸ਼ਾਮਲ ਕੀਤਾ। ਵਿਕਰਮ 1282 ਵਿੱਚ ਅਚਾਰਿਆ ਸਿੱਧ ਸੂਰੀ ਨੇ ਇਥੇ ਧਰਮ ਪ੍ਰਚਾਰ ਕੀਤਾ। ਵਿਕਰਮ 1667 ਵਿੱਚ ਸਮੇਂ ਸੁੰਦਰ ਜੀ ਮਹਾਰਾਜ ਨੇ ਸ਼੍ਰਾਵਕ ਅਰਾਧਨਾ ਨਾਮਕ ਗ੍ਰੰਥ ਦੀ ਇਥੇ ਰਚਨਾ ਕੀਤੀ।

ਵਿ. 13ਵੀਂ ਸ਼ਤਾਵਦੀ ਵਿੱਚ ਇਸ ਨਗਰ ਵਿੱਚ ਰਾਜਸਥਾਨ ਤੋਂ ਕਈ ਓਸਵਾਲ ਪਰਿਵਾਰ ਆਏ। ਉਸ ਸਮੇਂ ਵਿੱਚ ਇਥੇ 100 ਘਰ ਸਨ। ਇੱਕ ਵਾਰ ਇਸ ਸ਼ਹਿਰ ਵਿਚ ਮਹਾਮਾਰੀ ਫੈਲ ਗਈ ਤਕਸ਼ਿਲਾ ਤੋਂ ਇਹ ਸ਼ਹਿਰ 23 ਮੀਲ ਦੀ ਦੂਰੀ ਤੇ ਸੀ। ਤਕਸ਼ਿਲਾ ਵਿੱਚ ਵੀ ਇਹ ਬੀਮਾਰੀ ਫੈਲ ਗਈ।

ਉਸ ਸਮੇਂ ਅਚਾਰਿਆ ਮਾਨਦੇਵ ਸੂਰੀ ਨੇ ਲਘੂ ਸ਼ਾਂਤੀ ਸਤੋਤਰ ਨਾਂ ਦੇ ਮੰਤਰ ਦੀ ਰਚਨਾ ਕਰਕੇ, ਲੋਕਾਂ ਨੂੰ ਰੋਗ ਮੁਕਤ ਕਰ ਦਿੱਤਾ। ਇਥੇ ਅਸੀਂ ਸਿਕੰਦਰ ਦੀ ਜੈਨ ਮੁਨੀ ਕਲਿਆਨ ਨਾਲ ਭੇਂਟ ਨੂੰ ਨਹੀਂ ਭੁਲਾ ਸਕਦੇ। ਜੋ ਸਿਕੰਦਰ ਨਾਲ ਹੀ ਯੂਨਾਨ ਚਲਾ ਗਿਆ ਸੀ। ਯੂਨਾਨੀ ਇਸਨੂੰ ਕਾਲਨਸ਼ ਲਿਖਦੇ ਹਨ। ਇਸਦੀ ਸਮਾਧੀ ਏਥਨਜ਼ ਵਿਚ ਸੀ। ਇਹ ਮੁਨੀ ਪੰਜਾਬੀ ਸੀ ਅਤੇ ਜਿਨਕਲਪੀ (ਨਗਨ ਮੁਨੀ) ਸੀ। ਸਿਕੰਦਰ ਇਸ ਦੀ ਸਿਖਿਆ ਤੋਂ ਬੇਹਦ ਪ੍ਰਭਾਵਿਤ ਹੋਇਆ ਸੀ।

# ਪੁਰਾਤਨ ਪਟਾਵਲੀਆਂ ਅਤੇ ਪੰਜਾਬ

ਪਟਾਵਲੀ ਤੋਂ ਭਾਵ ਹੈ ਕੁਰਸੀਨਾਮਾ। ਸ਼ਵੇਤਾਂਵਰ ਜ਼ੈਨ ਇਹ ਗਿਣਤੀ ਭਗਵਾਨ ਮਹਾਵੀਰ ਦੇ ਪ੍ਰਮੁੱਖ ਚੇਲੇ ਗਣਧਰ ਗੌਤਮ ਤੋਂ ਸ਼ੁਰੂ ਕਰਦੇ ਹਨ ਜਦ ਕਿ ਦਿਗੰਵਰ ਜੈਨ ਇਹ ਗਿਣਤੀ ਭਗਵਾਨ ਮਹਾਵੀਰ ਤੋਂ ਸ਼ੁਰੂ ਕਰਦੇ ਹਨ। ਪਟਾਵਲੀਆਂ ਪੁਰਾਣੇ ਜਮਾਨੇ ਤੋਂ ਹੀ ਜੈਨ ਇਤਿਹਾਸ ਦੇ ਨਾਲ-ਨਾਲ ਭਾਰਤੀ ਇਤਿਹਾਸ ਦੀ ਜਾਣਕਾਰੀ ਕਰਾਉਂਦੀਆਂ ਰਹੀਆਂ ਹਨ। ਅਜ ਹਰ ਜੈਨ ਫਿਰਕੇ ਦੇ ਸਾਧੂਆਂ ਦੀ ਅਪਣੀ-ਅਪਣੀ ਪਟਾਵਲੀ ਹੈ। ਖਰ ਉਹਨਾਂ ਸਭ ਦਾ ਸ਼ੁਰੂ ਭਗਵਾਨ ਮਹਾਵੀਰ ਜਾਂ ਉਹਨਾਂ ਦੇ ਪ੍ਰਮੁਖ ਚੇਲੇ (ਇੰਦਰਭੂਤੀ) ਗਣਧਰ ਗੌਤਮ ਹੀ ਹਨ। ਇਨ੍ਹਾਂ ਪਟਾਵਲੀਆਂ ਦੇ ਲਿਖਣ ਦਾ ਨਾ ਇਕ ਸਮਾਂ ਹੈ, ਨਾ ਇਕ ਵਿਅਕਤੀ ਹੈ ਤੇ ਨਾ ਇਕ ਭਾਸ਼ਾ। ਪਰ ਸ਼ਵੇਤਾਂਵਰ ਜੈਨਾਂ ਵਿਚ ਨੰਦੀ ਸੂਤਰ ਦੀ ਪਟਾਵਲੀ ਨੂੰ ਸਾਰੇ ਮੰਨਦੇ ਹਨ। ਜਿਸਦੇ ਲਿਖਣ ਦਾ ਸਮਾਂ ਮਹਾਵੀਰ ਨਿਰਵਾਨ ਸੰਮਤ 998 ਹੈ। ਇਹ ਪਟਾਵਲੀ ਦੇਵ ਵਾਚਕ ਗਣੀ ਦੀ ਹੈ ਜਿਸ ਵਿੱਚ ਹਰ ਪ੍ਰਮੁਖ ਅਚਾਰਿਆਂ ਦਾ ਜੀਵਨ, ਕਾਰਨਾਮੇ, ਸੰਮਤਾਂ ਸਮੇਤ ਹਨ। ਜੈਨ ਇਤਿਹਾਸ ਅਨੁਸਾਰ ਚੰਦਰਗੁਪਤ ਮੌਰਿਆ ਦੇ ਸਮੇਂ 12 ਸਾਲ ਦਾ ਅਕਾਲ ਪਿਆ, ਉਸ ਸਮੇਂ ਜੈਨ ਧਰਮ ਨੂੰ ਕਾਫ਼ੀ ਮੁਸੀਬਤਾਂ ਦਾ ਸਾਹਮਨਾ ਕਰਨਾ ਪਿਆ। ਜੈਨੀ ਆਪਣੀ ਜਨਮ ਭੂਮੀ ਬਿਹਾਰ ਨੂੰ ਛੱਡ ਕੇ ਗੁਜਰਾਤ, ਰਾਜਸਥਾਨ ਦੱਖਣੀ ਭਾਰਤ ਅਤੇ ਨੇਪਾਲ ਵਰਗੇ ਸਥਾਨਾਂ ਤੇਂ ਚਲੇ ਗਏ। ਇਹ ਸਮਾਂ ਜੈਨ ਧਰਮ ਦੀ ਪ੍ਰੀਖਿਆ ਦਾ ਸਮਾਂ ਸੀ। ਹਜ਼ਾਰਾਂ ਸਾਧੂ, ਸਾਧਵੀ ਭੁਖ ਕਾਰਨ ਮਰ ਗਏ। ਕਲਪਸੂਤਰ ਵਿਚ ਵੀ ਇਕ ਪੁਰਾਤਨ ਪਟਾਵਲੀ ਹੈ।

ਆਖਰੀ ਮੋਰੀਆ ਰਾਜਾ ਬਹਦਰਥ ਸਮੇਂ ਜੈਨੀਆਂ ਨੂੰ ਆਪਣੇ ਪਵਿਤਰ ਸਥਾਨ ਛੱਡਣੇ ਸ਼ੁਰੂ ਕਰ ਦਿਤੇ। ਇਨ੍ਹਾਂ ਸਮੇਂ ਜੈਨ ਸ਼ਾਸਤਰਾਂ ਦੀਆਂ ਦੋ ਵਾਚਨਾ ਗੁਜਰਾਤ ਵਿਖੇ ਹੋਈਆਂ, ਰਾਜਸਥਾਨ, ਗੁਜਰਾਤ ਵਿੱਚ ਰਹਿਣ ਵਾਲੇ ਸ਼ਵੇਤਾਂਵਰ ਜੈਨ ਸਨ। ਦੱਖਣ ਭਾਰਤ ਵਿੱਚ ਦਿਗੰਵਰ ਫਿਰਕਾ ਫੈਲ ਗਿਆ।

## ਕਾਲਕਾ ਅਚਾਰਿਆ ਦੀ ਕਥਾ (ਸਮਾਂ ੨ ਸਦੀ ਈ. ਪੂ)

ਉਸਤੋਂ ਵਾਅਦ ਅਸੀਂ ਕਾਲਕਾ ਅਚਾਰਿਆ ਦੀ ਕਥਾ ਵੱਲ ਆਉਂਦੇ ਹਾਂ। ਹਰ ਪਟਾਵਲੀ ਵਿਚ ਇਸ ਕਥਾ ਦਾ ਜਿਕਰ ਬੜੇ ਮਾਨ ਨਾਲ ਆਇਆ ਹੈ। ਇਹ ਅਚਾਰਿਆ ਖੱਤਰੀ ਰਾਜਕੁਮਾਰ ਸਨ। ਇਨ੍ਹਾਂ ਨੇ ਆਪਣੀ ਭੈਣ ਸੁਰਸਵਤੀ ਨਾਲ ਦੀਖਿਆ ਲਈ ਸੀ।

ਉਸ ਸਮੇਂ ਉਜੈਨੀ ਵਿਖੇ ਗਰਧਭਿੱਲ ਨਾਂ ਦਾ ਰਾਜਾ ਸੀ। ਇਹ ਰਾਜਾ ਬਹੁਤ ਚਾਰਿਤਰ ਹੀਣ ਸੀ। ਇਸ ਨੇ ਸਾਧਵੀ ਸਰਸਵਤੀ ਦਾ ਅਪਹਰਨ ਕਰ ਲਿਆ। ਅਚਾਰਿਆ ਅਤੇ ਜੈਨ ਸੰਘ ਦੇ ਲੱਖ ਸਮਝਾਉਣ ਤੇ ਵੀ ਇਹ ਅੜਿਆ ਰਿਹਾ। ਸਾਰੇ ਹੀਲੇ ਖਤਮ ਹੋਣ ਤੇ ਮਜਬੂਰ ਹੋ ਕੇ ਕਾਲਕਾ ਅਚਾਰਿਆ ਆਪਣੇ ਕਾਫੀ ਭਗਤਾਂ ਨਾਲ ਪੰਜਾਬ ਦੇ ਸਿੰਧ ਦਰਿਆ ਵਾਲੇ ਇਲਾਕੇ ਵੱਲ ਆਏ। ਇਨ੍ਹਾਂ ਦੇ ਕਾਫੀ ਭਗਤ ਇਥੇ ਵਸ ਗਏ ਇਨ੍ਹਾਂ ਦੇ ਗੱਛ ਦਾ ਨਾਂ ਭਾਵੜ ਗੱਛ ਸੀ।[1] ਪੰਜਾਬ ਵਿੱਚ ਹੁਣ ਵੀ ਲੱਖਾਂ ਦੀ ਗਿਣਤੀ ਵਿਚ ਭਾਵੜੇ ਮੌਜੂਦ ਹਨ। ਅਚਾਰਿਆ ਜੀ ਭੇਸ ਵਟਾਕੇ ਈਰਾਨ ਗਏ। ਉਥੇ ਦੇ ਸ਼ਕ ਰਾਜਿਆਂ ਨੂੰ ਆਪਣੇ ਗਿਆਨ ਅਤੇ ਤਪ ਦੇ ਬਲ ਨਾਲ ਪ੍ਰਭਾਵਿਤ ਕੀਤਾ। ਉਸ ਸਮੇਂ ਕਿਸੇ ਭਾਰਤੀ ਰਾਜੇ ਨੇ ਜੈਨ ਧਰਮ ਦੀ ਮਦਦ ਨਾ ਕੀਤੀ। ਅਚਾਰਿਆ ਜੀ ਇਨਾਂ 52 ਸੱਕ ਪ੍ਰਮੁੱਖਾਂ ਦੀ ਫੌਜ ਨਾਲ ਸਿੰਧ ਦਰਿਆ ਪਾਰ ਕਰਕੇ ਉਜੈਨੀ ਪਹੁੰਚੇ। ਘਮਸਾਨ ਦੀ ਲੜਾਈ ਹੋਈ। ਜਿੱਤ ਅਚਾਰਿਆ ਜੀ ਦੀ ਹੋਈ। ਸਾਧਵੀ ਸਰਸਵਤੀ ਨੂੰ ਮੁਕਤੀ ਮਿਲੀ। ਗਰਧਭਿਲ ਨੂੰ ਕੈਦ ਕਰ ਲਿਆ ਗਿਆ।

ਅਚਾਰਿਆ ਜੀ ਨੇ ਅਪਣਾ ਫੌਜੀ ਭੇਸ ਤਿਆਗ ਕੇ ਸਾਧੂ ਜੀਵਨ ਮੁੜ ਗ੍ਰਹਿਣ ਕੀਤਾ, ਗਰਧਭਿਲ ਨੂੰ ਉਨ੍ਹਾਂ ਮੁਆਫ ਕਰ ਦਿਤਾ। ਉਨ੍ਹਾਂ ਉਜੈਨ ਦੀ ਗੱਦੀ ਤੇ ਅਪਣੇ ਭਾਣਜੇ ਵਿਕਰਮਦਿੱਤ ਨੂੰ ਬਿਠਾਇਆ। ਜਿਸਤੋਂ ਵਿਕਰਮ ਸੰਮਤ ਚੱਲਿਆ।

ਜੈਨ ਧਰਮ ਵਿਚ ਕਾਲਕਾ ਅਚਾਰਿਆ ਦੀ ਇਹ ਕਥਾ ਹਮੇਸ਼ਾ ਸੋਨੇ ਦੇ ਪਾਣੀ ਨਾਲ ਚਿੱਤਰਾਂ ਸਮੇਤ ਲਿਖੀ ਗਈ ਹੈ। ਅੱਜ ਭਾਵੜਿਆਂ ਵਿਚ ਕਈ ਹੋਰ ਜੈਨ ਜਾਤੀਆਂ ਓਸਵਾਲ, ਸ੍ਰੀ ਮਾਲ ਅਤੇ ਖੰਡੇਲਵਾਲ ਸ਼ਾਮਲ ਹਨ। ਪਰ ਪਹਿਲਾਂ ਭਾਵੜੇ ਦਾ ਅਰਥ ਜੈਨ ਹੀ ਸੀ।

---

(ੳ) (१) सं. १५०३ वर्षे मार्ग वदि २ शनौ श्री भावड़ार गच्छे श्री कलिकाचार्य संताने श्री माल सा० हमीर दे पुत्र आका भार्या कोई पु० कर्मण धीरा-उधरण उरभय- छांछाँ स्व पुण्यार्थं श्री वासु (सु) पुज्य बिंव कारित श्री वीर सूरिभि: (प्राचीन लेख संग्रहन १९२)

(ਅ) (२) सं. १५३९ वर्षे आषाढ़ सुदि ६ भावडार गच्छे प्राग्वाट तीनावी गोत्रे म० माकड भा० धीरो पु० राघव, भा० पुरी, पु० धारणा भा० जेठी० पु० सहसकिरण मांगा भा० पुतलीमति पुण्यार्थ श्री सुमतिनाथ बिंव का प्र० कालिकाचार्य संताने श्री भावदेव सुरिभि: (लेखन नं ५९३ प्राचीन लेख संग्रह भाग १ सं विजयधर्म सूरि)

[ਅ] ਭਾਰਤ ਦਾ ਪੁਰਾਤਨ ਨਾਂ ਸਭ ਤੋਂ ਪਹਿਲਾਂ ਈਰਾਨੀਆਂ ਨੇ ਹਿੰਦੂ ਦੇਸ਼ ਆਖਿਆ ਹੈ। ਨਸ਼ਿਥ ਚੂਰਣੀ ਭਾਗ 3 ਪੰਨਾ 59 ਵਿਚ ਅਚਾਰਿਆ ਕਾਲਕਾ ਇਸ ਪ੍ਰਕਾਰ ਆਖਦੇ ਹਨ एहि हिन्दुग देसं बच्चाओ।

## ਅਗਰਵਾਲ ਜੈਨ

ਦਿਗੰਵਰ ਪਟਾਵਲੀਆਂ ਅਨੁਸਾਰ ਭਗਵਾਨ ਮਹਾਵੀਰ ਦੇ 9 ਪਾਠ ਤੇ ਬੈਠੇ ਲੋਹਿਤ ਅਚਾਰਿਆ ਨੇ ਅਗਰੋਹਾ ਜਾਂ ਆਗਰਾ ਵਿਖੇ ਲੱਖਾਂ ਅਗਰਵਾਲਾਂ ਨੂੰ ਜੈਨ ਬਣਾਇਆ। ਹੁਣ ਵੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਲੱਖਾਂ ਅਗਰਵਾਲ ਜੈਨ ਹਨ। ਇਨ੍ਹਾਂ ਨੇ ਸ਼ਵੇਤਾਂਵਰ ਅਤੇ ਦਿਗੰਵਰ ਦੋਵੇਂ ਫਿਰਕੇ ਅਪਣਾ ਰਖੇ ਹਨ। ਪਰ ਦਿਗੰਵਰ ਜੈਨ ਵਿਚ ਅਗਰਵਾਲਾਂ ਦੀ ਗਿਣਤੀ ਜਿਆਦਾ ਹੈ।

ਜਿਵੇਂ ਇਤਿਹਾਸ ਦੇ ਵਿਦਿਆਰਥੀ ਜਾਣਦੇ ਹਨ ਕਿ ਅਗਰਵਾਲ ਜਾਤੀ ਦਾ ਜਨਮ ਸਥਾਨ ਪੰਜਾਬ ਦੇ ਹਿਸਾਰ ਜਿਲੇ ਦਾ ਅਗਰੋਹਾ ਪਿੰਡ ਹੈ। ਇਸ ਲਈ ਜਾਤੀ ਦੀ ਉਤਪਤੀ ਦਾ ਵਰਨਣ ਮਹਾਭਾਰਤ ਵਿੱਚ ਹੈ। ਇਸ ਜ਼ਾਤੀ ਦੇ ਪ੍ਰਮੁੱਖ ਰਾਜਾ ਅਗਰਸੈਨ ਸਨ ਜਿਨਾਂ ਹਿੰਸਕਯੱਗ ਕਰਣ ਤੋਂ ਇਨਕਾਰ ਕਰ ਦਿਤਾ ਸੀ। ਜਾਪਦਾ ਹੈ ਇਹ ਰਾਜਾ ਜਰੂਰ ਭਗਵਾਨ ਨੇਮੀਨਾਥ ਦੀ ਅਹਿੰਸਕ ਪ੍ਰੰਪਰਾ ਤੋਂ ਪ੍ਰਭਾਵਿਤ ਹੋਵੇਗਾ। ਅਗਰਵਾਲਾਂ ਦੇ 17½ ਗੋਤਰ ਹਨ। ਇਹ ਜਾਤੀ ਪੰਜਾਬ ਦੀ ਪ੍ਰਮੁਖ ਵਿਉਪਾਰੀ ਜ਼ਾਤੀ ਹੈ ਇਸ ਜਾਤੀ ਵਿੱਚ ਮਾਸ, ਸ਼ਰਾਬ ਅਤੇ ਲੜਾਈ ਝਗੜੇ ਲਈ ਕੋਈ ਜਗ੍ਹਾ ਨਹੀਂ। ਇਸਤੋਂ ਪਤਾ ਚਲਦਾ ਹੈ ਕਿ ਅਗਰਵਾਲ ਜਾਤੀ ਨੇ ਮਹਾਵੀਰ ਨਿਰਵਾਨ ਦੇ 300 ਸੰਮਤ ਦੇ ਕਰੀਬ ਜੈਨ ਧਰਮ ਗ੍ਰਹਿਣ ਕਰ ਲਿਆ ਸੀ।

## ਪੂਜ (ਯਤੀ) ਪ੍ਰੰਪਰਾ

ਇਨ੍ਹਾਂ ਪਟਾਵਲੀਆਂ ਤੋਂ ਪਤਾ ਚਲਦਾ ਹੈ ਕਿ ਪੰਜਾਬ ਵਿੱਚ 12 ਸਦੀ ਤੱਕ ਕਈ ਪ੍ਰਮੁੱਖ ਅਚਾਰਿਆ ਜੈਨ ਧਰਮ ਦਾ ਪ੍ਰਚਾਰ ਕਰਦੇ ਰਹੇ। ਵਿਕਰਮ ਦੀ 8-9 ਸਦੀ ਵਿਚ ਯਤੀ ਪ੍ਰੰਪਰਾ ਵੀ ਚਾਲੂ ਹੋ ਚੁੱਕੀ ਸੀ ਜਿਸਨੂੰ ਪੰਜਾਬ ਵਿਚ ਪੂਜ ਆਖਦੇ ਹਨ। ਇਸ ਪ੍ਰੰਪਰਾ ਦੇ ਸਾਧੂ ਮਠਧਾਰੀ ਹੁੰਦੇ ਹਨ। ਜੰਤਰ, ਮੰਤਰ, ਜੋਤਿਸ਼ ਦਵਾਈਆਂ ਵਿਦਿਆ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਦੇ ਰਹੇ। ਅੱਜ ਵੀ ਪੰਜਾਬ ਦੇ ਹਰ ਸ਼ਹਿਰ ਵਿੱਚ ਪੂਜਾਂ ਦੇ ਡੇਰੇ ਮੌਜੂਦ ਹਨ। ਇਹ ਯਤੀ ਸਾਧੂ ਦਾ ਭੇਸ਼ ਧਾਰਨ ਕਰਦੇ ਹਨ। ਬ੍ਰਹਮਚਰਜ ਵਰਤ ਦਾ ਪਾਲਨ ਕਰਦੇ ਹਨ। ਇਨ੍ਹਾਂ ਯਤੀਆਂ ਦੀ ਜੈਨ ਸਮਾਜ ਨੂੰ ਬਹੁਤ ਦੇਣ ਹੈ। ਇਹਨਾਂ ਦੀ ਕ੍ਰਿਪਾ ਸਦਕਾ ਜੈਨ ਧਰਮ ਸਮਪਰਤਿ ਰਾਜੇ ਤੋਂ ਬਾਅਦ ਵੀ ਫਲਦਾ-ਫੂਲਦਾ ਰਿਹਾ। ਯਤੀਆਂ ਨੇ ਆਪਣੀ ਵਿਦਿਆ ਸਦਕਾ ਅਨੇਕਾਂ ਹਿੰਦੂ ਅਤੇ ਮੁਸਲਮਾਨ ਰਾਜਿਆਂ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਆਪਣੇ ਡੇਰਿਆਂ ਵਿੱਚ ਪੁਰਾਤਨ ਜੈਨ ਕਲਾ ਅਤੇ ਗ੍ਰੰਥਾਂ ਦੀ ਸੰਭਾਲ ਜਾਰੀ ਰਖੀ। ਯਤੀ ਲੋਕ ਸਮਾਜ ਦੇ ਦੁਖ-ਸੁਖ ਵਿੱਚ ਸਹਾਈ ਹੁੰਦੇ ਸਨ। ਜਦ ਕਿ ਤਿਆਗੀ ਜੈਨ ਮੁਨੀ ਆਤਮ ਕਲਿਆਣ ਵਿੱਚ ਲਗੇ ਰਹਿੰਦੇ ਸਨ। ਇਨ੍ਹਾਂ ਯਤੀਆਂ ਨੇ ਅਨੇਕਾਂ ਮੰਦਰ ਅਤੇ ਗ੍ਰੰਥ ਭੰਡਾਰ ਸਥਾਪਿਤ ਕੀਤੇ ਜੋ ਕਿ ਦੇਸ਼ ਦੇ ਭਿੰਨ-ਭਿੰਨ ਭਾਗਾਂ

ਵਿਚ ਹੁਣ ਵੀ ਮਿਲਦੇ ਹਨ।

## ਪੁਰਾਤਨ ਪੰਜਾਬ ਵਿੱਚ ਯਤੀਆਂ ਦੇ ਪ੍ਰਮੁਖ ਸਥਾਨ

ਪੁਰਾਤਨ ਜੈਨ ਯਤੀਆਂ ਦੇ ਪ੍ਰਮੁੱਖ ਗੱਛਾਂ ਵਿੱਚ ਬੜਗਛ, ਖਰਤਰਗਛ, ਤੱਪਾਗੱਛ ਅਤੇ ਲੋਂਕਾ ਗੱਛ ਦੀਆਂ ਗੱਦੀਆਂ ਹਨ। ਅਮ੍ਰਿਤਸਰ, ਪੱਟੀ, ਸੰਡੌਰਾ, ਲਾਹੌਰ, ਅੰਬਾਲਾ, ਮੁਲਤਾਨ, ਖਰੜ, ਲਰਕਾਨਾ, ਸੁਨਾਮ, ਜਗਰਾਵਾਂ, ਰਾਏਕੋਟ, ਬਲਾਚੌਰ, ਜੰਡਿਆਲਾ ਗੁਰੂ, ਕਸੂਰ, ਫਗਵਾੜਾ, ਰਾਮਪੁਰ, ਗੁਜਰਾਂਵਾਲਾ, ਥਾਨੇਸਰ, ਕਰਨਾਲ, ਸਹਾਰਨਪੁਰ, ਮਲੇਰਕੋਟਲਾ, ਲੁਧਿਆਣਾ, ਪਟਿਆਲਾ, ਸਿਰਸਾ, ਰਾਹੋਂ, ਸਮਾਨਾ, ਫਰੀਦਕੋਟ, ਰੋਪੜ, ਮੁਲਤਾਨ, ਹਨੁਮਾਨਗੜ੍ਹ, ।

## ਕੁਝ ਪ੍ਰਮੁਖ ਲਿਪਿਕਰਤਾ ਯਤੀ

(1) ਲਾਲ ਜੀ ਰਿਸ਼ੀ, (2) ਨਾਗਰ ਰਿਸ਼ੀ, (3) ਦਾਨ ਰਿਸ਼ੀ, (4) ਯਤੀ ਦਯਾ ਹੇਮ, (5) ਕੁਲਾਰਿਸ਼ੀ, (6) ਮਾਣਕ ਰਿਸ਼ੀ, (7) ਰਾਧਾ ਰਿਸ਼ੀ, (9) ਗੁਰਦਾਸ ਰਿਸ਼ੀ, (9) ਮਾਨਕਾ ਰਿਸ਼ੀ, (10) ਨਾਨਕ ਰਿਸ਼ੀ, (11) ਖਿਲੂਰਿਸੀ, (12) ਧਰਮਦਾਸ ਰਿਸ਼ੀ, (13) ਉੱਤਮ ਰਿਸੀ, (14) ਥੀਰੂ ਰਿਸ਼ੀ, (15) ਰਿਸ਼ੀ ਮੋਤੀ ਚੰਦ, (16) ਮਲਾਰਿਸ਼ੀ, (17) ਸ਼ਿਵ ਦਾਸ ਰਿਸ਼ੀ, (18) ਯਤੀ ਰੂਪ ਦੇਵ। (19) ਭਗੌਤੀ ਦਾਸ, (20) ਰਾਧਾ ਕ੍ਰਿਸ਼ਨ, (21) ਸੁਜਾਨ ਰਿਸ਼ੀ, (22) ਸ਼ੰਭੂ ਰਿਸ਼ੀ, (23) ਭਗਤ ਰਿਸ਼ੀ, (24) ਦੁਰਗਾ ਦਾਸ, (25) ਬਸਤਾ ਰਿਸ਼ੀ, (26) ਸ਼੍ਰੀ ਰਿਸ਼ੀ, (27) ਘਨੇਰਿਆ ਰਿਸ਼ੀ, (28) ਲਾਲਜੀ ਰਿਸੀ।

ਸਿੰਧ ਅਤੇ ਪੰਜਾਬ ਦੇ ਮੁੱਖ ਇਲਾਕਿਆਂ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਅਸੀਂ ਕੁਝ ਪ੍ਰਸਿਧ ਅਚਾਰਿਆਂ ਦਾ ਜਿਕਰ ਕਰਾਂਗੇ। ਇਨ੍ਹਾਂ ਦਾ ਜਿਕਰ ਮੁਨੀ ਗਿਆਨ ਸੁੰਦਰ ਜੀ ਨੇ ਪਾਰਸ਼ਵਨਾਥ ਦੀ ਪ੍ਰੰਪਰਾ ਨਾਂ ਦੇ ਗ੍ਰੰਥ ਵਿੱਚ ਕੀਤਾ ਹੈ ਇਹ ਸਾਰੇ ਅਚਾਰੀਆ 23ਵੇਂ ਤੀਰਥੰਕਰ ਭਗਵਾਨ ਪਾਰਸ਼ਵਨਾਥ ਦੀ ਪ੍ਰੰਪਰਾ ਦੇ ਸਨ।

# ਪੰਜਾਬ ਸਿੰਧ ਵਿਚ ਧਰਮ ਪਰਚਾਰ ਕਰਨ ਵਾਲੇ ਅਚਾਰਿਆਂ ਦੇ ਨਾਂ

| ਨਾਂ | ਵਿਕਰਮ ਸੰਬਤ ਤੋਂ ਪਹਿਲਾਂ | ਪ੍ਰਚਾਰ ਦੇ ਮੁਖ ਕੇਂਦਰ |
|---|---|---|
| ਸ੍ਰੀ ਯਕਸ਼ ਦੇਵ ਸੂਰੀ | 400 | ਸ਼ਿਵ ਨਗਰ |
| ਸ੍ਰੀ ਕੱਕ ਸੂਰੀ | 213 | ਸ਼ਿਵ ਨਗਰ, ਲਾਹੌਰ, ਮਰਕੋਟ |
| ਸ੍ਰੀ ਰਤਨ ਪ੍ਰਭ ਸੂਰੀ ਦੂਸਰਾ | 212 | ਸਿਆਲਕੋਟ, ਤਕਸ਼ਿਲਾ, ਮਾਲੀਪੁਰ |
| ਸ੍ਰੀ ਰਤਨ ਪ੍ਰਭ ਸੂਰੀ 3 | 115 | |
| ਸ੍ਰੀ ਯਕਸ਼ ਦੇਵ ਸੂਰੀ 3 | 150 | ਉਚਾਨਗਰ |
| ਸ੍ਰੀ ਕੱਕ ਸੂਰੀ 3 | ਵਿ.ਸੰ. 157 ਤੋਂ 174 | ਲਾਹੌਰ, ਤਕਸ਼ਿਲਾ |
| ਸ੍ਰੀ ਸਿੱਧ ਸੂਰੀ 3 | 177 ਤੋਂ 199 | ਪੋਮਾ ਨਗਰ, ਮਰੋਟ, ਤਕਸ਼ਿਲਾ |
| ਸ੍ਰੀ ਰਤਨ ਪ੍ਰਭ ਸੂਰੀ 4 | 199 ਤੋਂ 1268 | ਸਿੰਘਪੁਰ, ਵੀਰਪੁਰ, ਤਕਸ਼ਿਲਾ, ਸਿਆਲਕੋਟ, ਲਾਹੌਰ, ਬਡਿਆਰ, |
| ਸ੍ਰੀ ਕੱਕ ਸੂਰੀ | 232 ਤੋਂ 260 | ਤਕਸ਼ਿਲਾ, ਲਾਹੌਰ, ਸਿਆਲਕੋਟ |
| ਸ੍ਰੀ ਯਕਸ਼ਦੇਵ ਸੂਰੀ 5 | 310 ਤੋਂ 336 | ਵੀਰਪੁਰ,ਲਾਹੌਰ,ਸਿਆਲਕੋਟ,ਤਕਸ਼ਿਲਾ |
| ਸ੍ਰੀ ਕੱਕ ਸੂਰੀ 5 | 336 ਤੋਂ 357 | ਵੀਰਪੁਰ, ਲਾਹੌਰ, ਤਕਸ਼ਿਲਾ |
| ਸ੍ਰੀ ਸਿੱਧ ਸੂਰੀ 5 | 370 ਤੋਂ 400 | ਵੀਰਪੁਰ, ਮਰੋਟ, ਨਰੋਟ |
| ਸ੍ਰੀ ਰਤਨ ਪ੍ਰਭ ਸੂਰੀ | 400 ਤੋਂ 420 | ਡਮਰੇਲ ਨਗਰ (ਸਿੰਧ) ਮਰੋਟ |
| ਸ੍ਰੀ ਯਕਸ਼ਦੇਵ 6 | 424 ਤੋਂ 400 | ਡਮਰੇਲ ਨਗਰ, ਸਰੋਟਨ |
| ਸ੍ਰੀ ਕੱਕ ਦੇਵ 6 | 440 ਤੋਂ 480 | ਵੀਰਪੁਰ, ਨਰਾਇਣਪੁਰ |
| ਸ੍ਰੀ ਦੇਵਗੁਪਤ ਸੂਰੀ 6 | 480 ਤੋਂ 420 | ਵੀਰਪੁਰ, ਮਰੂਕੋਟ |
| ਸ੍ਰੀ ਸਿੱਧ ਸੂਰੀ 6 | 520 ਤੋਂ 558 | ਲਾਹੌਰ, ਡਮਰੇਲ, ਸਾਲੀਪੁਰ, ਵੀਰ-ਪੁਰ |
| ਸ੍ਰੀ ਕੱਕ ਸੂਰੀ 7 | 558 ਤੋਂ 561 | ਵੀਰਪੁਰ, ਡਮਰੇਲ, ਸਿਆਲਕੋਟ |
| ਸ੍ਰੀ ਦੇਵ ਗੁਪਤ 7 | 601 ਤੋਂ 631 | ਡਮਰੇਲ, ਸਿਆਲਕੋਟ, ਵੀਂਰਪੁਰ |
| ਸ੍ਰੀ ਸਿਧ ਸੂਰੀ 7 | 631 ਤੋਂ 661 | ਵੀਰਪੁਰ, ਲਾਹੌਰ |
| ਸ੍ਰੀ ਦੇਵ ਗੁਪਤ 8 | 680 ਤੋਂ 724 | ਗੋਮਲਪੁਰ |
| ਸਿੱਧ ਸੂਰੀ 8 | 724 ਤੋਂ 778 | ਸਿਆਲਕੋਟ, ਲਾਹੌਰ, ਡਮਰੇਲ ਵੀਰਪੁਰ, ਸ਼ਿਵਨਗਰ, ਉਚਾਨਗਰ |

# ਭਗਵਾਨ ਮਹਾਵੀਰ ਦੀ ਪ੍ਰੰਪਰਾ

| | | |
|---|---|---|
| ਸ੍ਰੀ ਕੱਕ ਸੂਰੀ | ਵਿ. ਸੰ. 778 ਤੋਂ 837 | ਗੋਸਲਪੁਰ, ਹਸਤਨਾਪੁਰ, ਕਾਂਗੜਾ ਨਗਰਕੋਟ, ਸਿਵਪੁਰ |
| ਸ੍ਰੀ ਵਾਦੀ ਦੇਵ | | ਕਸਮੀਰ |
| ਸ੍ਰੀ ਦੇਵ ਗੁਪਤ | 837 ਤੋਂ 892 | ਵੀਰਪੁਰ, ਡਮਰੇਲ |
| ਸ੍ਰੀ ਸਿਧ ਸੂਰੀ 9 | 892 ਤੋਂ 952 | ਵੀਰਪੁਰ |
| ਸ੍ਰੀ ਕੱਕ ਸੂਰੀ 10 | 952 ਤੋਂ 1011 | ਵੀਰਪੁਰ, ਡਮਰੇਲ |
| ਸ੍ਰੀ ਦੇਵਗੁਪਤ 10 | 1011 ਤੋਂ 1033 | ਵੀਰਪੁਰ, ਡਮਰੈਲ |
| ਸ੍ਰੀ ਸਿੱਧਸੂਰੀ 10 | 1033 ਤੋਂ 1014 | ਵੀਰਪੁਰ |
| ਸ੍ਰੀ ਕੱਕ ਸੂਰੀ 10 | 1033 ਤੋਂ 1074 | ਵੀਰਪੁਰ, ਡਮਰੈਲਪੁਰ |
| ਸ੍ਰੀ ਦੇਵ ਗੁਪਤ | 1108 ਤੋਂ 1229 | ਵੀਰਪੁਰ, ਸ਼ਿਵਪੁਰ, ਕੁਟੈਲ, ਮਰੋਟ |
| ਸ੍ਰੀ ਜਿਨ ਬਲਭ ਸੂਰੀ | 1229 ਤੋਂ 1130 | ਮਰੋਟ |
| ਸ੍ਰੀ ਪਦਮਪ੍ਰਭਵ | 1229 ਤੋਂ 1230 | ਸਿੰਧ, ਪੰਜਾਬ |
| ਸ੍ਰੀ ਸਿਧਸੂਰੀ 11 | 1228 ਤੋਂ 1174 | ਡਮਰੇਲ, ਰਣੂਕੋਟ—ਤਕਮਿਲਣ |
| ਸ੍ਰੀ ਜਿਨ ਚੰਦਰ ਸੂਰੀ | 1274 ਤੋਂ 1278 | ਸਿੰਧ ਪ੍ਰਦੇਸ਼,ਸਿਆਲਕੋਟ,ਉਚਾ ਨਗਰ |
| ਸ੍ਰੀ ਜਿਨ ਪ੍ਰਤਿ ਸੂਰੀ | 1277 ਤੋਂ 1278 | ਮਰੂਕੋਟ |
| ਸ੍ਰੀ ਸਿਧ ਸੂਰੀ | 1282 | ਉਚਾਨਗਰ |
| ਸ੍ਰੀ ਕੱਕ ਸੂਰੀ | 1293 | ਮਰੋਟ |
| ਸ੍ਰੀ ਦੇਵ ਗੁਪਤ ਸੂਰੀ 12 | 1317 | ਸਿੰਧ, ਰੇਣੂਕੋਟ |
| ਸ੍ਰੀ ਮੁਨੀ ਸੇਖਰ ਸੂਰੀ | 1400 | ਉਚਾ ਨਗਰ |
| ਸ੍ਰੀ ਜੈ ਕਲਸ ਬੜਗਛ ਉਪਾਧਿਆ | 1345 | ਸਿੰਧ, ਪੰਜਾਬ |
| ਸ੍ਰੀ ਜਿਨਦਤ ਸੂਰੀ | 1295 | ਸਿੰਧ, ਮਰੋਟ, ਉਚਾਨਗਰ, ਮੁਲਤਾਨ |
| ਸ੍ਰੀ ਜਿਨਪਤਿ ਸੂਰੀ | 1295 | ਹਾਸੀ, ਹਿਸਾਰ |
| ਸ੍ਰੀ ਜਿਨਕੁਸ਼ਲ ਸੂਰੀ | 1384 | ਉਚਾਨਗਰ, ਦੇਰਾਵਰ, ਕਿਆਸਪੁਰ |
| ਸ੍ਰੀ ਜੈ ਸਾਗਰੋ ਉਪਾਧਿਆ | 1483 | ਬਹਰਾਨਪੁਰ, ਮਲਿਕਪੁਰ, ਸਿੰਧ, ਮੁਬਾਰਕਪੁਰ, ਮਰੋਟ, ਕਾਂਗੜਾ, ਮੁਲ-ਤਾਨ |
| ਸ੍ਰੀ ਜਿਨਚੰਦਰ ਸੂਰੀ | 1600 | ਸਿੰਧ |
| ਸ੍ਰੀ ਜਿਨ ਲਾਭ ਸੂਰੀ | 1600 | ਹਸਤਨਾਪੁਰ, ਪੰਜਾਬ, ਹਿਮਾਚਲ |
| ਸ੍ਰੀ ਭਾਵਦੇਵ ਸੂਰੀ | 1604 | ਪੰਜਾਬ |
| ਸ੍ਰੀ ਹੀਰਾ ਵਿਜੈ (ਤਪਾ ਗਛ) | 1639 | ਪੰਜਾਬ, ਦਿੱਲੀ, ਹਰਿਆਣਾ, ਹਸਤਨਾ-ਪੁਰ, ਕਸ਼ਮੀਰ |
| ਸ੍ਰੀ ਜਿਨ ਚੰਦਰ ਸੂਰੀ | 1649-1652 | ਲਾਹੌਰ, ਪੰਜਾਬ |
| ਸ੍ਰੀ ਸਮੋ ਸੁੰਦਰ ਸੂਰੀ | 1667 | ਪੰਜਾਬ, ਸਿੰਧ |

ਉਪਰੋਕਤ ਸੂਚੀ ਵਿੱਚ ਅਸੀਂ ਕੁਝ ਪ੍ਰਮੁਖ ਜੈਨ ਧਰਮ ਦਾ ਪੰਜਾਬ ਪ੍ਰਚਾਰ ਕਰਨ ਵਾਲੇ ਅਚਾਰਿਆਂ ਦੇ ਨਾਂ ਦਿੱਤੇ ਹਨ। ਜਿਨ੍ਹਾਂ ਨੇ ਹਜਾਰਾ ਦੀ ਗਿਣਤੀ ਵਿੱਚ ਲੋਕਾਂ ਨੂੰ ਜੈਨ ਧਰਮ ਵਿਚ ਦਾਖਲ ਕੀਤਾ। ਇਨ੍ਹਾਂ ਸਮੇਂ ਅਨੇਕਾਂ ਜੈਨ ਮੰਦਰ, ਮੂਰਤੀ, ਉਪਾਸਰੇ ਬਣੇ। ਇਸ ਸੂਚੀ ਨੂੰ ਵੇਖਕੇ ਪਾਠਕਾਂ ਨੂੰ ਭਰਮ ਵਿਚ ਨਹੀਂ ਆਉਂਣਾ ਚਾਹੀਦਾ। ਕਿਉਂਕਿ ਕਈ ਅਚਾਰਿਆਂ ਦੇ ਨਾਂ ਵਾਰ-ਵਾਰ ਆਏ ਜਾਪਦੇ ਹਨ। ਪਰ ਅਸਲ ਵਿਚ ਇਨ੍ਹਾਂ ਸਾਰੇ ਅਚਾਰਿਆਂ ਦੇ ਇਹ ਨਾਂ ਸਾਧੂ ਬਣਨ ਤੋਂ ਬਾਅਦ ਦੇ ਹਨ। ਗ੍ਰਹਿਸਥ ਅਵਸਥਾ ਵਿੱਚ ਇਨ੍ਹਾਂ ਦੇ ਨਾਂ ਮਾਤਾ-ਪਿਤਾ ਜਨਮ ਸਥਾਨ ਵਖਰੇ ਹਨ। ਇਹ ਨਾਂ ਤਾਂ ਪਦਵੀਆਂ ਹਨ। ਦੱਖਣ ਭਾਰਤ ਵਿੱਚ ਰਾਜੇ ਦੇ ਨਾਂ ਮਸਹੂਰ ਰਾਜੇ ਦੇ ਨਾਂ ਹੇਠ ਚਲਦੇ ਆ ਰਹੇ ਹਨ ਇਨ੍ਹਾਂ ਅਚਾਰਿਆਂ ਨੇ ਅਨੇਕਾਂ ਰਾਜੇ, ਰਾਜ ਕੁਮਾਰ, ਮੰਤਰੀਆਂ ਅਤੇ ਸਧਾਰਨ ਲੋਕਾਂ ਨੂੰ ਜੈਨ ਧਰਮ ਵਿੱਚ ਦੀਖੀਅਤ ਕੀਤਾ। ਕਈ ਵਾਰ ਇਨ੍ਹਾਂ ਤੀਰਥਾਂ ਦੀ ਯਾਤਰਾ ਕੀਤੀ। ਉਸ ਸਮੇਂ ਪੰਜਾਬ, ਹਿਮਾਚਲ ਵਿਚ ਜੈਨੀਆਂ ਦੇ ਕਈ ਮਸ਼ਹੂਰ ਤੀਰਥ ਸਥਾਨ ਸਨ। ਜਿਸਦਾ ਸਬੂਤ ਕਾਂਗੜੇ ਦਾ ਪੁਰਾਤਨ ਕਿਲਾ ਹੈ। ਜਿਥੇ ਹੁਣ ਵੀ ਭਗਵਾਨ ਰਿਸ਼ਵ ਦੇਵ ਜੀ ਦੀ ਮੂਰਤੀ ਵਿਰਾਜਮਾਨ ਹੈ।

ਇਨ੍ਹਾਂ ਸਮੇਂ ਵਿਚ ਹੋਰ ਵੀ ਕਈ ਮਸ਼ਹੂਰ ਪੰਜਾਬ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਅਚਾਰਿਆ ਹੋਵੇ ਹਨ। ਜਿਨ੍ਹਾਂ ਦਾ [ਜਿਕਰ ਅਸੀਂ ਆਪਣੇ ਅਗਲੇ ਪਾਠਾਂ ਵਿੱਚ ਕਰਾਂਗੇ। ਇਥੇ ਇਹ ਦਸਣਾ ਬਹੁਤ ਜਰੂਰੀ ਹੈ ਕਿ ਪੰਜਾਬ ਵਿੱਚ ਸ਼ਵੇਤਾਂਵਰ ਸਮਾਜ ਦੀਆਂ 5 ਪ੍ਰੰਪਰਾਵਾਂ ਦੀਆਂ ਪਟਾਵਲੀਆਂ ਹਨ। (1) ਸ਼ਵੇਤਾਂਵਰ ਮੂਰਤੀ ਪੂਜਕ ਤਪਾਗੱਛ। (2) ਲੋਕਾਂ ਵਿਜੈ ਗਛ। (3) ਉਤਰਾਧ ਗੱਛ। (4) ਨਾਗੋਰੀ ਗੱਛ। (5) ਖਰਤਰ ਗੱਛ ਪੰਜਾਬ ਵਿਚ ਤਪਾ ਗੱਛ ਦੇ ਸਾਧੂ ਕਾਫੀ ਮਸ਼ਹੂਰ ਹਨ। ਵਿਜੈ ਗੱਛ, ਮੂਰਤੀ ਪੂਜਾ ਵਿੱਚ ਫੇਰ ਵਿਸਵਾਸ ਕਰਨ ਲਗ ਪਿਆ। ਅਖੀਰੇ ਦੋ ਗੱਛਾਂ ਦਾ ਸੰਬੰਧ ਸਵੇਤਾਂਵਰ ਜੈਨ ਸਥਾਨਕ ਵਾਸੀ ਪ੍ਰੰਪਰਾ ਨਾਲ ਹੈ। ਅਜਕਲ ਪੰਜਾਬੀ ਸ਼ਵੇਤਾਂਵਰ ਸਥਾਨਕ ਵਾਸੀ ਜੈਨ ਪ੍ਰੰਪਰਾ ਦੇ ਤਿੰਨ ਭਾਗ ਹਨ।

(1) ਪੂਜ ਅਮਰ ਸਿੰਘ ਜੀ ਦਾ ਫਿਰਕਾ। (2) ਅਚਾਰਿਆ ਗੰਗਾਰਾਮ ਜੀ ਮਹਾਰਾਜ। (3) ਅਚਾਰਿਆ ਰਤੀ ਰਾਮ ਜੀ।

ਪੰਜਾਬ ਦੀ ਜੈਨ ਸਥਾਨਕ ਵਾਸੀ ਪ੍ਰੰਪਰਾ ਦੀ ਪਟਾਵਲੀ ਭਗਵਾਨ ਮਹਾਵੀਰ ਨਾਲ ਜਾ ਮਿਲਦੀ ਹੈ। ਮੁਗਲ ਕਾਲ ਵਿੱਚ ਪੰਜਾਬ ਵਿੱਚ ਪੂਜ (ਯਤੀ) ਪ੍ਰੰਪਰਾ ਨੇ ਹੀ ਜੈਨ ਧਰਮ ਨੂੰ ਸੰਭਾਲ ਕੇ ਰੱਖਿਆ। ਤੇਰਾਪੰਥੀ ਤੇ ਦਿਗੰਬਰ ਜੈਨ ਸੰਪਰਦਾਏ ਦੀ ਕੋਈ ਪੁਰਾਤਨ ਪਟਾਵਲੀ ਵੇਖਣ ਵਿੱਚ ਨਹੀਂ ਆਈ। ਦਿਗੰਬਰ ਜੈਨ ਪੰਜਾਬ ਵਿੱਚ ਘੱਟ ਗਿਣਤੀ ਤੇ ਹਨ।

ਇਥੇ ਇਹ ਗਲ ਵੀ ਵਰਨਣ ਯੋਗ ਹੈ ਕਿ ਅਨੇਕਾਂ ਗੁਜਰਾਤੀ ਉਪਾਸਕਾਂ ਨੇ ਦਿੱਲੀ ਦੇ ਮੁਗਲ ਸਮਰਾਟਾਂ ਨਾਲ ਬਹੁਤ ਚੰਗੇ ਸੰਬਧ ਰੱਖੇ। ਉਦਾਹਰਣ ਵਜੋਂ 1312-1315

ਵਿੱਚ ਗੁਜਰਾਤੀ ਔਸਵਾਲਾਂ ਨੇ ਸਿੰਧ ਦੇ ਰਾਜੇ ਪਧੀਰ ਨੂੰ 8000 ਬੋਰੀ, ਦਿੱਲੀ ਦੇ ਬਾਦਸ਼ਾਹ ਨੂੰ 21000 ਬੋਰੀ ਅਨਾਜ, ਗੰਧਾਰ ਦੇ ਸ਼ਾਹ ਨੂੰ 12000 ਬੋਰੀ ਚਾਵਲ ਦਾਨ ਦਿੱਤਾ। ਇਸਤੋਂ ਛੁੱਟ ਆਮ ਜਨਤਾ ਨੂੰ 80000 ਬੋਰੀਆਂ ਚਾਵਲ ਦਾਨ ਕੀਤਾ।

ਵਿਕਰਮ ਸੰਮਤ 1670 ਨੂੰ ਸਾ. ਗੋਕਲ ਦੇ ਪੁੱਤਰ ਹੇਮਰਾਜ ਨੇ ਦਿੱਲੀ ਵਿੱਚ ਕੈਦ ਕੀਤੇ ਅਨੇਕਾਂ ਹਿੰਦੂਆਂ ਨੂੰ ਕਰੋੜਾਂ ਰੁਪੈ ਦੇ ਕੇ ਛੁਡਵਾਇਆ ਸੀ। ਸੰਬਤ 1320 ਪੇਥੜ ਸ਼ਾਹ ਨੇ 84 ਜੈਨ ਮੰਦਰ ਬਣਵਾਏ, ਇਨ੍ਹਾਂ ਵਿੱਚ ਜਲੰਧਰ (ਕਾਂਗੜਾ) ਪਾਸਨਗਰ (ਪੇਸ਼ਾਵਰ) ਹਸਤਨਾਪੁਰ, ਵੀਰਪੁਰ, ਦਿੱਲੀ, ਉਚਾਨਗਰ ਆਦਿ ਪੰਜਾਬ ਦੇ ਅਨੇਕਾਂ ਨਗਰ ਸ਼ਾਮਲ ਸਨ।

ਵਿਕਰਮ 1329 ਨੂੰ ਗੁਲਾਮ ਦੇਸ਼ ਦੇ ਗਿਆਸੂਦੀਨ ਦੇ ਰਤਨ ਪ੍ਰੀਖਿਆ ਕਰਨ ਵਾਲੇ ਠਕਰ ਫੇਰੂ ਪੰਜਾਬ ਦੇ ਵਿਦਵਾਨ ਸਨ।

ਮੁਵਾਰਕਸ਼ਾਹ ਦੇ ਸਮੇਂ ਸੰਮਤ 1478-80 ਨੂੰ ਹੇਮਚੰਦ ਦਿਲੀ ਦਾ ਪਹਿਲਾ ਜੈਨ ਰਾਜਾ ਬਨਿਆ। ਉਸਨੇ ਅਨੇਕਾਂ ਜੈਨ ਮੰਦਰ ਬਣਵਾਏ। ਇਹ ਹੇਮੂ ਦੇ ਨਾਂ ਨਾਲ ਵੀ ਪ੍ਰਸਿਧ ਹੈ। ਮੁਹਮਦ ਤੁਗਲਕ ਦੇ ਸਮੇਂ ਅਚਾਰਿਆ ਜਿਨ ਪ੍ਰਭਵ ਸੂਰੀ ਨੇ ਦਿੱਲੀ ਵਿਖੇ **ਵਿਵਿਧ ਤੀਰਥ ਕਲਪ** ਗਰੰਥ ਸੰਪੂਰਨ ਕੀਤਾ।

## ਵਸਤੂਪਾਲ ਅਤੇ ਤੇਜਪਾਲ ਭਰਾ

ਇਸ ਪ੍ਰਸੰਗ ਵਿੱਚ ਅਸੀਂ ਗੁਜਰਾਤ ਦੇ ਜੈਨ ਮੰਤਰੀ ਭਰਾਵਾਂ ਵਸਤੂਪਾਲ ਅਤੇ ਤੇਜਪਾਲ ਦਾ ਜ਼ਿਕਰ ਜਰੂਰੀ ਸਮਝਦੇ ਹਾਂ ਇਨ੍ਹਾਂ ਦਾ ਸੰਬਤ ਵਿਕਰਮ 1275 ਤੋਂ 1303 ਦਾ ਹੈ। ਇਹ ਪੋਰਵਾਲ ਜਾਤ ਦੇ ਮਹਾਜਨ ਸਨ। ਉਸ ਸਮੇਂ ਸੋਲੰਕੀ ਦਾ ਰਾਜਾ ਵੀਰਧਵਲ ਸੀ। ਵਸਤੂਪਾਲ ਮਹਾਮੰਤਰੀ ਸੀ ਅਤੇ ਤੇਜਪਾਲ ਸੈਨਾਪਤੀ ਸੀ। ਦੋਵੇਂ ਭਰਾ ਮਹਾਦਾਨੀ ਅਤੇ ਬਹਾਦਰ ਸਨ। ਇਨ੍ਹਾਂ ਦੋਹੇ ਭਰਾਵਾਂ ਨੇ ਆਪਣੀ ਬਹਾਦਰੀ ਨਾਲ ਦੇਸ਼ ਦੀ ਰਖਿਆ ਕੀਤੀ। ਸਰਕਾਰੀ ਖਜ਼ਾਨੇ ਵਿੱਚ ਖਰਬਾਂ ਰੁਪਏ ਜਮਾ ਕਰਵਾਏ। ਦੇਸ਼ ਦੇ ਅਨੇਕਾਂ ਹਿਸਿਆਂ ਵਿੱਚ ਜੈਨ ਮੰਦਰ ਬਨਵਾਏ। ਸਾਸਤਰ ਭੰਡਾਰ ਬਨਵਾਏ। ਖੂਹ ਬਣਵਾਏ। ਹਿੰਦੂ ਮੰਦਰਾਂ ਦੀ ਮੁਰੰਮਤ ਕਰਵਾਈ। ਮਸੀਤਾਂ ਅਤੇ ਧਰਮਸ਼ਾਲਾ ਬਣਵਾਈਆਂ।

ਦੋਵੇਂ ਭਰਾਵਾਂ ਦੇ ਸਮੇਂ ਕਦੇ ਦੁਸ਼ਮਨ ਨੇ ਸਿਰ ਨਹੀਂ ਚੁਕ ਸਕਿਆ। ਸਾਂਗਣ, ਚਾਮੁੰਡ- ਬਨਸੱਖਲੀ ਦੇ ਰਾਜਾ ਭੀਮਸਿੰਘ, ਏਧਰੇ ਦੇ ਰਾਜਾ ਸੂਪਲੂ ਨੂੰ ਹਰਾ ਕੇ ਰਾਜ ਵਿੱਚ ਵਾਧਾ ਕੀਤਾ। ਖੰਭਾਤ ਦੇ ਮੁਸਲਮਾਨ ਸਦੀਕੀ ਨੂੰ ਲੜਾਈ ਵਿਚ ਹਰਾਕੇ 3 ਅਰਬ ਰੁਪਏ ਦੀ ਦੌਲਤ ਹਾਸਲ ਕੀਤੀ।

ਇਨ੍ਹਾਂ ਦੋਵੇਂ ਭਰਾਵਾਂ ਦੇ ਸਮੇਂ ਦਿੱਲੀ ਦੇ ਰਾਜਾ ਮੌਜੂਦੀਨ ਨੇ ਗੁਜਰਾਤ ਤੇ ਚੜ੍ਹਾਈ

ਕਰ ਦਿੱਤੀ। ਜਦ ਵਸਤੂਪਾਲ ਅਤੇ ਤੇਜਪਾਲ ਨੂੰ ਇਹ ਖਬਰ ਲਗੀ ਤਾਂ ਦੋਵੇਂ ਭਰਾ ਮੈਦਾਨ ਵਿੱਚ ਆ ਡੱਟੇ। ਭਿਅੰਕਰ ਲੜਾਈ ਤੋਂ ਵਾਅਦ ਮੋਜੂਦੀਨ ਮੈਦਾਨ ਵਿਚੋਂ ਭਜ ਗਿਆ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਵਸਤੂਪਾਲ ਅਤੇ ਤੇਜਪਾਲ ਉਨ੍ਹਾਂ ਦੇ ਸ਼ੰਸਕਾਰ ਜੈਨ ਸਨ। ਦੋਹੇਂ ਰਾਜਕਾਜ ਤੋਂ ਵੇਹਲੇ ਹੋ ਕੇ ਸਮਾਇਕ, ਪੂਜਾ ਅਤੇ ਪ੍ਰਤਿਕ੍ਰਮਣ ਕਰਦੇ ਸਨ। ਉਨ੍ਹਾਂ ਦਾ ਜੀਵਨ ਆਦਰਸ਼ ਸੀ। ਦੋਹਾਂ ਦੀ ਪਤਨੀਆਂ ਕਟੱੜ ਜੈਨ ਸਨ।

ਇਨ੍ਹਾਂ ਭਰਾਵਾਂ ਨੂੰ ਸ਼ਤ੍ਰੁਰਜੈ, ਗਿਰਨਾਰ (ਗੁਜਰਾਤ) ਆਬੂ (ਰਾਜਸਥਾਨ) ਕਾਂਗੜਾ ਅਤੇ ਕਸ਼ਮੀਰ ਵਿਚੋਂ ਅਨੇਕਾਂ ਨਵੇਂ ਜੈਨ ਮੰਦਰ ਬਨਵਾਏ। ਪੁਰਾਣਿਆਂ ਦੀ ਮੁਰੰਮਤ ਕੀਤੀ।

ਮੁਲਤਾਨ ਦੇ ਪ੍ਰਸਿਧ ਹਿੰਦੂ ਸੂਰਜ ਮੰਦਰ ਦੀ ਉਨ੍ਹਾਂ ਮੰਦਰ ਦੀ ਮੁਰੰਮਤ ਕਰਵਾਈ।[1] ਦੋਹੇ ਭਰਾ ਧਰਮ ਨਿਰਪਖਤਾ ਦੀ ਜਿਉਂਦੀ ਮਸਾਲ ਸਨ। ਉਨ੍ਹਾਂ ਅਨੇਕਾਂ ਵਾਰ ਜੈਨ ਤੀਰਥਾਂ ਦੀ ਯਾਤਰਾ ਕੀਤੀ। ਇਕੱਲੇ ਆਬੂ ਦੇ ਮੰਦਰਾਂ ਤੇ ਉਨ੍ਹਾਂ 13 ਕਰੋੜ ਸੋਨੇ ਦੀਆਂ ਮੋਹਰਾ ਖਰਚ ਕੀਤੀਆਂ। ਉਨ੍ਹਾਂ ਦੇ ਦਾਨ ਦੀ ਸੂਚੀ ਬਹੁਤ ਲੰਬੀ ਹੈ। ਇਨ੍ਹਾਂ ਨੇ ਜੈਨ ਧਰਮ ਦਾ ਪ੍ਰਚਾਰ ਗੰਧਾਰ ਕਸ਼ਮੀਰ. ਸਿੰਧੂ, ਸੋਵਿਰ ਅਤੇ ਪੰਜਾਬ ਵਿਚ ਕੀਤਾ।

## ਇੱਕ ਪ੍ਰਸਿਧ ਪੰਜਾਬ ਪਟਾਵਲੀ

ਪੰਜਾਬ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਨਾਗੋਰੀ ਲੋਕਾਂ ਗੱਛ ਦੀ ਪਟਾਵਲੀ ਵਿੱਚ ਕੁਝ ਪ੍ਰਸਿਧ ਜੈਨ ਅਚਾਰਿਆ, ਘਟਨਾਵਾਂ ਦਾ ਸੰਮਤ ਵਾਰ ਜਿਕਰ ਹੈ। ਇਹ ਪਟਾਵਲੀ ਸੰਮਤ 1890 ਵਿੱਚ ਪਟਿਆਲੇ ਵਿਖੇ ਪੂਰੀ ਕੀਤੀ ਗਈ ਹੈ। ਜਿਸਦਾ ਸੰਖੇਪ ਸਾਰ ਅਸੀਂ ਘਟਨਾਵਾਂ ਸਮੇਤ ਹੇਠ ਦੇ ਰਹੇ ਹਾਂ।

"ਅਚਾਰਿਆ ਵਿਮਲਚੰਦ ਸੂਰੀ ਦੇ ਤਿੰਨ ਚੇਲੇ ਹਨ ਨਾਗਦੱਤ, ਭਾਡੇਲਚੰਦ ਅਤੇ ਨੇਮਚੰਦ। ਇਹ ਨਾਗਦਤ ਪਾਟਨ (ਗੁਜਰਾਤ) ਦਾ ਨਿਵਾਸੀ ਸੀ। ਇਨ੍ਹਾਂ ਦੇ ਨਾਂ ਤੇ ਨਾਗੋਰੀ ਗੱਛ ਚਲਿਆ।

ਇੱਕ ਵਾਰ ਵਿਕਰਮ ਸੰਮਤ 1278 ਨੂੰ ਇਹ ਲਾਹੋਰ ਆਏ ਫੇਰ ਇਹ ਗੁਰੂ ਤੋਂ ਅੱਡ ਹੋਕੇ 45 ਸਾਧੂਆਂ ਨਾਲ ਅਲਗ ਧਰਮ ਪ੍ਰਚਾਰ ਕਰਨ ਲੱਗੇ। ਇਨ੍ਹਾਂ ਇੱਕ ਜੈਨ ਗਰੰਥ ਦੀ ਰਚਨਾ ਕੀਤੀ। ਇਨ੍ਹਾਂ ਦੀ ਸੇਵਾ ਵਿੱਚ ਦੇਵਤੇ ਹਾਜਰ ਰਹਿੰਦੇ ਸਨ।

ਸ਼ੰਵਤ 1585 ਵਿੱਚ ਸ਼੍ਰੀ ਰੂਪਚੰਦ ਅਤੇ ਦੇਪਾਸਰ ਸੂਰੀ ਨੇ ਅਨੇਕਾਂ ਅਗਰਵਾਲਾਂ ਅਤੇ ਔਸਵਾਲਾਂ ਨੂੰ ਨਾਗੋਰੀ ਲੋਕਾਂ ਗੱਛ ਵਿੱਚ ਸ਼ਾਮਲ ਕੀਤਾ। ਫੇਰ ਸ਼੍ਰੀ ਰੂਪ ਚੰਦ ਜੀ ਦੀ

1. ਦਸ਼ਕਿਰਤੀ की मेघनाथ प्रशस्ति श्लोक 92 से 111

ਥਾਂ ਤੇ ਦੀਪਾਗਰ ਸੂਰੀ ਧਰਮ ਗੱਦੀ ਤੇ ਬੈਠੇ। ਉਸ ਸਮੇਂ ਆਪਨੇ ਕੁਲ 184000 ਘਰਾਂ ਨੂੰ ਜੈਨ ਧਰਮ ਵਿੱਚ ਦੀਖਿਅਤ ਕੀਤਾ।

ਉਸ ਸਮੇਂ ਲੁਧਿਆਣੇ ਦੇ ਸ੍ਰੀ ਚੰਦ ਔਸਵਾਲ ਸੇਠ ਦਾ ਭਰਾ ਸਵੱਰਗ ਵਿੱਚ ਦੇਵਤਾ ਸੀ। ਉਸਨੇ ਅਪਣੀ ਦੇਵ ਸ਼ਕਤੀ ਨਾਲ ਆਪਣੇ ਭਰਾ ਨੂੰ ਕਰੋੜਾਂ ਪਤੀ ਬਨਾ ਦਿਤਾ। ਉਹ ਹਰ ਰੋਜ਼ ਆਪਣੇ ਭਰਾ ਨੂੰ ਮਿਲਨ ਆਉਂਦਾ। ਇਕ ਵਾਰ ਜਦ ਉਹ ਨਾ ਆਇਆ ਤਾਂ ਦੇਵਤੇ ਨੇ ਦੱਸਿਆ ਕਿ ਸਮਾਣੇ ਸ਼ਹਿਰ ਵਿਖੇ ਸ੍ਰੀ ਦੇਪਾਗਰ ਸਵਾਮੀ ਤਪਸਿਆ ਕਰ ਰਹੇ ਹਨ। ਸੇਠ ਨੇ ਆਪ ਨੂੰ ਲੁਧਿਆਣੇ ਪਧਾਰਨ ਦੀ ਬੇਨਤੀ ਕੀਤੀ। ਇਥੇ ਆਪ ਪੰਜਾਬ ਦੇ ਪਿੰਡਾਂ ਸਹਿਰਾਂ ਵਿਚ ਧਰਮ ਪ੍ਰਚਾਰ ਕਰਦੇ ਰਹੇ।

ਇਸਤੋਂ ਬਾਅਦ ਪੰਜਾਬ ਵਿਚ ਧਰਮ ਪ੍ਰਚਾਰ ਕਰਨ ਵਾਲੇ ਸ੍ਰੀ ਕਲਿਆਨ ਸੂਰੀ ਹੋਏ। ਜਿਨ੍ਹਾਂ ਦਾ ਸਵਰਗਵਾਸ ਲਾਹੌਰ ਵਿਖੇ ਹੋਇਆ ਇਨ੍ਹਾਂ ਤੋਂ ਬਾਅਦ ਭੇਰਵਾ-ਅਚਾਰਿਆ ਨੇ ਦਿੱਲੀ ਸਮਰਾਟ ਨੂੰ ਪ੍ਰਭਾਵਿਤ ਕਰਕੇ ਜਿੰਨ ਧਰਮ ਦਾ ਪ੍ਰਚਾਰ ਕੀਤਾ।

ਇਸੇ ਵੰਸ ਪ੍ਰੰਪਰਾ ਦੇ ਸ੍ਰੀ ਸਦਾਰੰਗ ਸੂਰੀ ਨੇ ਵੀ ਬਾਦਸ਼ਾਹ ਨਾਲ ਮੁਲਾਕਾਤ ਕੀਤੀ। ਇਨ੍ਹਾਂ ਪਾਨੀਪਤ ਵਿੱਚ ਅਨੇਕਾਂ ਅਗਰਵਾਲ ਪ੍ਰਵਾਰਾਂ ਨੂੰ ਜੈਨ ਧਰਮ ਵਿੱਚ ਦੀਖਿਆ ਦਿੱਤੀ। ਸੰਬਤ 1760 ਨੂੰ ਆਪ ਲਾਹੌਰ ਆਏ। ਆਪਨੇ ਬਾਦਸ਼ਾਹ ਦੇ ਸਾਲੇ ਮਹਾਖਾਨ ਤੋਂ ਜੀਵ ਹੱਤਿਆ ਬੰਦ ਕਰਵਾਈ। ਆਪਦੇ 24 ਚੇਲੇ ਹੋਏ। ਜਿਨ੍ਹਾਂ ਵਿਚ ਸ੍ਰੀ ਆਨੰਦ ਰਾਮ ਜੀ ਬਨੂੜ ਦੇ ਰਹਿਣ ਵਾਲੇ ਸਨ।

ਫੇਰ ਪੰਜਾਬ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਜਗਜੀਵਨ ਦਾਸ ਜੀ ਸਨ। ਜਿਨ੍ਹਾਂ ਸਰਸਵਤੀ ਪਤਨ, ਸਰਸਾ, ਹਿਸਾਰ, ਬੁਡਲਾਡਾ, ਦੋਰਾਹਾ, ਸੁਨਾਮ, ਸਮਾਣਾ, ਰੋਪੜ, ਵੈਜਵਾੜਾ, ਰਾਹੋਂ, ਜਾਲੰਧਰ, ਗੁਜਰਾਤ (ਪਾਕਿਸਤਾਨ) ਰਾਵਲਪਿੰਡੀ ਅਤੇ ਲਾਹੌਰ ਵਿੱਚ ਧਰਮ ਪ੍ਰਚਾਰ ਕੀਤਾ। ਇਨ੍ਹਾਂ ਇਕ ਮੁਗਲ ਸਾਹਿਬਜਾਦੇ ਦਾ ਇਲਾਜ ਵੀ ਕੀਤਾ। ਅਟੱਕ ਨਦੀ ਵਿੱਚ ਰੁਕੀ ਕਿਸ਼ਤੀ ਪਾਰ ਕੀਤੀ। ਰੋਪੜ ਦੀ ਵਿਰਧ ਔਰਤ ਦਾ ਕੋਹੜ ਦੂਰ ਕੀਤਾ। ਸਰਸਵਤੀ ਪੱਤਨ ਦੇ ਕਰੀਵ ਮਹਮਦ ਹੁਸੈਨ ਦੀ ਜੈਨ ਸਾਧੂਆਂ ਪ੍ਰਤਿ ਘ੍ਰਿਣਾ ਨੂੰ ਦੂਰ ਕੀਤਾ। ਆਪਦੇ ਅਨੇਕਾਂ ਮੁਸਲਮਾਨ ਭਗਤ ਸਨ। ਸੰਬਤ 1816 ਨੂੰ ਆਪਦਾ ਸਵਰਗਵਾਸ ਹੋ ਗਿਆ। ਇਨ੍ਹਾਂ ਦੇ ਅਠ ਚੇਲੇ ਸਨ।

ਫਿਰ ਇਸੇ ਗੱਛ ਵਿਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਪੂਜ ਲਕਸ਼ੀ ਚੰਦ ਜੀ ਸਨ। ਜਿਨ੍ਹਾਂ ਸੁਨਾਮ, ਪਟਿਆਲਾ, ਅੰਬਾਲਾ, ਧਰਮ (ਕੁਰੂ) ਖੇਤਰ, ਰੋਪੜ, ਹੋਸ਼ਿਆਰ-ਪੁਰ, ਜੇਜੋਂ, ਜਗਰਾਵਾਂ, ਅਮ੍ਰਿਤਸਰ, ਲਾਹੌਰ, ਸਿਆਲਕੋਟ, ਰਾਜਪੁਰਾ, ਰੋੜੀ, ਬੁਡਲਾਡਾ, ਸਢੌਰਾ ਨਗਰਾਂ ਵਿੱਚ ਚੋਮਾਸੇ ਕਰਕੇ ਜੈਨ ਧਰਮ ਦਾ ਪ੍ਰਚਾਰ ਕੀਤਾ।

ਇਸ ਪ੍ਰਕਾਰ ਇਹ ਪਟਾਵਲੀ ਕਾਫ਼ੀ ਮਹਤੱਵ ਪੂਰਣ ਹੈ ਕਿਉਂਕਿ ਇਹ ਲਿਖੀ